# ਕਾਲੇ ਹਰਫ਼ਾਂ ਦੀ ਲੋਅ

(ਗ਼ਜ਼ਲ ਸੰਗ੍ਰਹਿ)

***ਇਸੇ ਕਲਮ ਤੋਂ :***

ਕਾਲੇ ਹਰਫ਼ਾਂ ਦੀ ਲੋਅ (ਗ਼ਜ਼ਲ ਸੰਗ੍ਰਹਿ) 1996
ਕੱਕੀ ਰੇਤ ਦੇ ਵਰਕੇ (ਗ਼ਜ਼ਲ ਸੰਗ੍ਰਹਿ) 2002

# ਕਾਲੇ ਹਰਫ਼ਾਂ ਦੀ ਲੋਅ

(ਗ਼ਜ਼ਲ ਸੰਗ੍ਰਹਿ)

***ਜਸਵਿੰਦਰ***

ਚੇਤਨਾ ਪ੍ਰਕਾਸ਼ਨ
*ਪੰਜਾਬੀ ਭਵਨ, ਲੁਧਿਆਣਾ*

***KALEY HARPHAN DI LOW***
*Ghazals by*

**Jaswinder**
653-III, Nuhon Colony
P.O. Ghanauli
Thermal Plant, ROPAR-140113
Phone: 01881-274852

*Published by* :
**Chetna Parkashan**
Punjabi Bhawan Ludhiana
Ph. 91-161-2413613
***email: chetnaparkashan@sify.com***

© : ਲੇਖਕ

*ਸੰਸਕਰਣ* : 2004

*ਪ੍ਰਕਾਸ਼ਕ* : **ਚੇਤਨਾ ਪ੍ਰਕਾਸ਼ਨ**, ਪੰਜਾਬੀ ਭਵਨ, ਲੁਧਿਆਣਾ।(ਫ਼ੋਨ 2413613)

*ਛਾਪਕ* : ਆਰ. ਕੇ. ਆਫ਼ਸੈੱਟ, ਦਿੱਲੀ।

*ਮੁੱਲ* : *90 ਰੁਪਏ*

*ਰਾਜ, ਅਰਸ਼ ਤੇ ਜਿੰਮੀ ਦੇ ਨਾਂ ......*

ਈਦ ਵਰਗੇ ਹੋਣ ਜਿਸਦੇ ਸਾਰੇ ਦੇ ਸਾਰੇ ਹੀ ਦਿਨ
ਮੇਰੇ ਯਾਰੋ ਮੈਨੂੰ ਇਕ ਐਸਾ ਕਲੰਡਰ ਦੇ ਦਿਓ

## ਤਰਤੀਬ


| | | | ਪੰਨਾ |
|---|---|---|---|
| 1. | ਸੁਲਗ਼ਦੀ ਰਾਤ ਹੈ | – | 9 |
| 2. | ਕਰੀਂ ਨਾ ਜ਼ਿਕਰ | – | 11 |
| 3. | ਲਾਟ ਹੈ ਇਕ ਜਾ ਰਹੀ | – | 13 |
| 4. | ਕੁਝ ਰੌਸ਼ਨੀ ਤਾਂ ਹੋਵੇ | – | 15 |
| 5. | ਇਕ ਦੂਜੇ ਦੇ ਨੇੜੇ | – | 17 |
| 6. | ਬਲਦੀ ਨਦੀ ਦਾ | – | 18 |
| 7. | ਉਦਾਸ ਡਾਲ ’ਤੇ | – | 19 |
| 8. | ਮਿਲੇ ਜੋ ਦਿਨ | – | 20 |
| 9. | ਹਨ੍ਹੇਰੇ ਹੋ ਗਏ | – | 22 |
| 10. | ਸੂਲੀਆਂ ਦਾ ਸਿਲਸਿਲਾ | – | 24 |
| 11. | ਹਵਾਵਾਂ ’ਚ ਬਾਰੂਦ | – | 26 |
| 12. | ਧੂੰਏਂ ਤੇ ਧੁੰਦ ਨੂੰ | – | 28 |
| 13. | ਹੋਰਾਂ ਲਈ ਨੇ ਗਾਗਰਾਂ | – | 30 |
| 14. | ਕੰਬਿਆ ਦਿਲ ਬੜਾ | – | 32 |
| 15. | ਸ਼ੋਰ ਵਿਚ ਖ਼ਾਮੋਸ਼ੀਆਂ ਵਿਚ | – | 33 |
| 16. | ਉਹ ਵੀ ਦਿਨ ਸੀ | – | 34 |
| 17. | ਹਿਜਰਾਂ ਦੇ ਕੋਲਿਆਂ ’ਤੇ | – | 35 |
| 18. | ਤਿਰਹਾਈਆਂ ਕੁਮਲਾਈਆਂ | – | 36 |
| 19. | ਧੁੱਪਾਂ ਉਦਾਸ ਨੇ | – | 37 |
| 20. | ਫੂਲਾਂਜ਼ਾਦੀ ਦੀ ਗਾਥਾ | – | 38 |
| 21. | ਜਿਸ ਬਰਸਾਤਾਂ | – | 40 |
| 22. | ਇਕ ਪਲ ਜਗਦੇ | – | 41 |
| 23. | ਮੌਸਮ ਨਾ-ਸਾਜ਼ਗਾਰ ਹੈ | – | 42 |
| 24. | ਕੁਝ ਵੀ ਸੁਣਨਾ ਨਹੀਂ | – | 44 |
| 25. | ਸੰਦਲੀ ਬਾਗ਼ਾਂ ਨੂੰ | – | 45 |
| 26. | ਏਸ ਬਾਗ਼ ’ਤੇ | – | 46 |
| 27. | ਜੋ ਗਿਣਦੇ ਨੇ ਲਹਿਰਾਂ | – | 47 |
| 28. | ਪੰਛੀਆਂ ਦੀ ਡਾਰ ਨੂੰ | – | 48 |
| 29. | ਚੁਫ਼ੇਰੇ ਦੀ ਚੁੱਪ ਨੂੰ | – | 49 |
| 30. | ਰੁਲ ਗਿਆ ਲਭਦਾ ਨਹੀਂ | – | 50 |
| 31. | ਜਿਹੜੇ ਉਡਦੇ ਸੀ | – | 51 |
| 32. | ਗੁਜ਼ਰਿਆ ਤੂਫ਼ਾਨ ਪਰ | – | 52 |
| 33. | ਦਰਦ ਮੇਰਾ ਜਦੋਂ | – | 54 |
| 34. | ਸਾਨੂੰ ਵੀ ਮੁਹੱਬਤ ਦੇ | – | 56 |
| 35. | ਕੋਈ ਸੁਣ ਕੇ ਪੁਕਾਰ | – | 57 |
| 36. | ਅਸਾਨੂੰ ਕੀ ਖ਼ਬਰ ਸੀ | – | 58 |
| 37. | ਅਲਵਿਦਾ ਕਹਿ ਕੇ | – | 59 |
| 38. | ਤੁਰਦੇ ਨੇ ਪੈਰ ਭਾਵੇਂ | – | 60 |
| 39. | ਜਿਵੇਂ ਜਿਵੇਂ ਹੀ | – | 61 |
| 40. | ਠਹਿਰੋ ਮੈਂ ਪੀ ਕੇ ਚਾਨਣੀ | – | 62 |
| 41. | ਤਿਰਹਾਏ ਸਾਹਿਲ ਦੀ | – | 63 |
| 42. | ਤੇਰੇ ਸਿਤਮ ਦਾ ਸਿਲਸਿਲਾ | – | 64 |
| 43. | ਅਸਾਡੀ ਬੇਬਸੀ ਦਾ | – | 65 |
| 44. | ਇਹਦੀਆਂ ਲਹਿਰਾਂ ’ਚ | – | 66 |
| 45. | ਅਜ ਦਾ ਸੂਰਜ | – | 67 |
| 46. | ਸੁਪਨੇ ’ਚ ਡਰਦੇ | – | 68 |
| 47. | ਮੌਸਮ ਦੀ ਬੇਦਰਦੀ | – | 69 |
| 48. | ਬਲਦੀਆਂ ਗਲੀਆਂ ’ਚੋਂ | – | 70 |
| 49. | ਹਰ ਅੰਗ ਭ੍ਰਿਸ਼ਟ ਗਿਆ | – | 71 |
| 50. | ਕਿਰਨ ਸਰਘੀ ਦੀ | – | 72 |
| 51. | ਹਰ ਸ਼ਖ਼ਸ ਏਥੇ | – | 73 |
| 52. | ਰਾਤ ਰਹਿੰਦੀ ਹੈ | – | 74 |
| 53. | ਮਹਿਕਾਂ ਤੋਂ ਮਹਿਰੂਮ | – | 75 |
| 54. | ਟਾਹਲੀਆਂ ਦੇ ਪੱਤੇ ਕੂਲੇ | – | 77 |
| 55. | ਇਸ ਗਰਾਂ ਦਿਨ ਰਾਤ | – | 78 |
| 56. | ਅੱਖਾਂ ਨੂੰ ਚੁਗਣੇ ਪੈਣ | – | 79 |
| 57. | ਜ਼ਰਾ ਤੱਤੀ ਹਵਾ ਚੱਲੇ | – | 81 |
| 58. | ਮੇਰੀਆਂ ਪਲਕਾਂ ’ਤੇ | – | 82 |
| 59. | ਭੋਰਾ ਕੁ ਦਰਦ ’ਤੇ | – | 83 |
| 60. | ਇਕ ਤੂਫ਼ਾਨ ਸਮੁੰਦਰ ਵਿਚ | – | 84 |
| 61. | ਆਥਣ ਨੂੰ ਘਰ | – | 85 |
| 62. | ਏਸ ਗਰਾਂ ਅਜ ਸੂਰਜ | – | 87 |

□

ਸੁਲਗ਼ਦੀ ਰਾਤ ਹੈ ਫੇਰ ਵੀ ਆਸ ਹੈ
ਕਾਲੇ ਕੋਹਾਂ ਦੇ ਪੈਂਡੇ ਮੁਕਾਉਣੇ ਅਸੀਂ
ਜਿਸਮ ਲਭਦੇ ਫਿਰਨ ਰੂਹਾਂ ਗੁੰਮ ਨੇ ਕਿਤੇ
ਇਹ ਜੋ ਵਿਛੜੇ ਚਿਰਾਂ ਤੋਂ ਮਿਲਾਉਣੇ ਅਸੀਂ

ਤਪਸ਼ ਵੀ ਤੇਜ਼ ਹੈ ਪਿਆਸ ਵੀ ਤੇਜ਼ ਹੈ
ਫਿਰ ਵੀ ਅਹਿਸਾਸ ਦੀ ਧਰਤ ਜਰਖੇਜ਼ ਹੈ
ਪੈਲੀਆਂ ਮੋਹ ਦੀਆਂ ਫੇਰ ਲਹਿਰਾਉਣੀਆਂ
ਮੇਘਲੇ ਟੂਸਿਆਂ 'ਤੇ ਵਰ੍ਹਾਉਣੇ ਅਸੀਂ

ਸਾਨੂੰ ਸਤਲੁਜ ਤੋਂ ਆਉਂਦੀ ਹਵਾ ਦੇ ਦਿਓ
ਰੋਜ਼ ਵਗਦੀ ਰਹੇ ਇਹ ਦੁਆ ਦੇ ਦਿਓ
ਪਾਣੀਆਂ ਦੇ ਹਵਾਵਾਂ ਦੇ ਰੰਗਾਂ ਦੇ ਵੀ
ਗੀਤ ਲਿਖਣੇ ਅਸੀਂ ਗੀਤ ਗਾਉਣੇ ਅਸੀਂ

ਕੋਈ ਸਾਜ਼ਿਸ਼ ਚੁਫ਼ੇਰੇ ਮਚਲਦੀ ਰਹੀ
ਫੇਰ ਵੀ ਲੋਅ ਬਨੇਰੇ 'ਤੇ ਬਲਦੀ ਰਹੀ
ਓਸ ਨਿੰਮੀ ਜਿਹੀ ਰੌਸ਼ਨੀ ਆਸਰੇ
ਸੁੱਤੇ ਹੋਏ ਜੋ ਸੂਰਜ ਜਗਾਉਣੇ ਅਸੀਂ

ਖੋਲ੍ਹ ਬਾਰੀ ਕਿ ਤਾਜ਼ੀ ਹਵਾ ਆਉਣ ਦੇ
ਬੰਦ ਕਮਰੇ 'ਚ ਕੋਈ ਸ਼ੁਆ ਆਉਣ ਦੇ
ਇਸ ਗੁਫ਼ਾ 'ਚੋਂ ਤੁਸੀਂ ਬਾਹਰ ਆਓ ਜ਼ਰਾ
ਕਹਿਕਸ਼ਾਂ ਦੇ ਨਜ਼ਾਰੇ ਵਿਖਾਉਣੇ ਅਸੀਂ

ਇਹ ਜੇ ਉਡਦੇ ਨਹੀਂ ਇਹ ਜੇ ਖ਼ਾਮੋਸ਼ ਨੇ
ਏਸ ਵਿਚ ਵੀ ਕਿਤੇ ਆਪਣੇ ਦੋਸ਼ ਨੇ
ਏਹਨਾਂ ਲਫ਼ਜ਼ਾਂ ਨੂੰ ਪਰਵਾਜ਼ ਦੇਣੀ ਅਸੀਂ
ਦੋਸਤੀ ਦੇ ਪਰਿੰਦੇ ਉਡਾਉਣੇ ਅਸੀਂ



ਕਰੀਂ ਨਾ ਜ਼ਿਕਰ ਮਹਿਕਾਂ ਦਾ ਬਹਾਰਾਂ ਦਾ ਖ਼ਤਾਂ ਅੰਦਰ
ਜੁ ਹਉਕਾ ਬਣ ਗਏ ਲਿਖ ਹਾਲ ਯਾਰਾਂ ਦਾ ਖ਼ਤਾਂ ਅੰਦਰ

ਗਰਾਂ ਦੀ ਸਾਦਗੀ ਭੇਜੀਂ ਘਰਾਂ ਦੀ ਬੇਬਸੀ ਭੇਜੀਂ
ਕੋਈ ਮਤਲਬ ਨਹੀਂ ਹੈ ਇਸ਼ਤਿਹਾਰਾਂ ਦਾ ਖ਼ਤਾਂ ਅੰਦਰ

ਅਸਾਡੀ ਜ਼ਿੰਦਗੀ ਇਕ ਦਾਸਤਾਂ ਹੈ ਇੰਤਜ਼ਾਰਾਂ ਦੀ
ਬੜਾ ਹੀ ਬੋਲਬਾਲਾ ਸੀ 'ਕਰਾਰਾਂ ਦਾ ਖ਼ਤਾਂ ਅੰਦਰ

ਕਿਵੇਂ ਹੁਣ ਹੀਰ ਪੜ੍ਹੀਏ ਬੈਠ ਕੇ ਸ਼ਹਿਤੂਤ ਦੀ ਛਾਵੇਂ
ਅਜੇ ਤਾਂ ਜ਼ਿਕਰ ਹੈ ਬਲਦੇ ਦਿਆਰਾਂ ਦਾ ਖ਼ਤਾਂ ਅੰਦਰ

ਕਿਵੇਂ ਅੱਜ ਦੋਧਿਆਂ ਵਿਚ ਪੈ ਗਏ ਫੌਲਾਦ ਦੇ ਦਾਣੇ
ਲਿਖੀਂ ਤੂੰ ਹਾਦਸਾ ਚਰ੍ਹੀਆਂ ਜਵਾਰਾਂ ਦਾ ਖ਼ਤਾਂ ਅੰਦਰ

ਦਿਲਾਂ ਦਾ ਹੁਸਨ ਵਿਕਿਆ ਨਾ ਕਿਤੇ ਵੀ ਸੂਤ ਦੇ ਬਦਲੇ
ਤੁਸੀਂ ਲਿਖਿਆ ਪਤਾ ਜਿਹੜੇ ਬਜ਼ਾਰਾਂ ਦਾ ਖ਼ਤਾਂ ਅੰਦਰ

ਅਸਾਡੀ ਮੰਗ ਸੀ ਨਿੱਕੇ ਜਿਹੇ ਸੰਸਾਰ ਦੀ ਐਪਰ
ਬਣਾਇਆ ਹੈ ਤੁਸੀਂ ਨਕਸ਼ਾ ਮਜ਼ਾਰਾਂ ਦਾ ਖ਼ਤਾਂ ਅੰਦਰ

ਇਬਾਰਤ 'ਚੋਂ ਅਜੇ ਨਾ ਝਾਕਿਆ ਹਸਦਾ ਕੋਈ ਚਿਹਰਾ
ਅਜੇ ਨਾ ਬੁਰਸ਼ ਚਲਿਆ ਚਿਤਰਕਾਰਾਂ ਦਾ ਖ਼ਤਾਂ ਅੰਦਰ

ਦੁਆ ਕਰਿਓ ਕਿ ਵਗੀਏ ਸ਼ਾਂਤ ਕੂਲ੍ਹਾਂ ਵਾਂਗ ਹਰ ਵੇਲੇ
ਉਡੀਕਾਂਗਾ ਪਤਾ ਮੈਂ ਆਬਸ਼ਾਰਾਂ ਦਾ ਖ਼ਤਾਂ ਅੰਦਰ



ਲਾਟ ਹੈ ਇਕ ਜਾ ਰਹੀ ਉਡਦੇ ਪਰਾਂ ਦੇ ਨਾਲ ਨਾਲ
ਦਰਦ ਦੀ ਗੰਗਾ ਵਗੇ ਸਹਿਮੇ ਘਰਾਂ ਦੇ ਨਾਲ ਨਾਲ

ਖ਼ੂਬ ਹੈ ਅੰਦਾਜ਼ ਉਹਨਾਂ ਦਾ ਅਮੀਰੀ ਦੇਣ ਦਾ
ਕਰਦ ਸੋਨੇ ਦੀ ਟਿਕਾ ਗਏ ਆਂਦਰਾਂ ਦੇ ਨਾਲ ਨਾਲ

ਧੜਕਦੇ ਦਿਲ ਦੀ ਮਿਲਾ ਦੇ ਤਾਲ ਤੂੰ ਏਧਰ ਅਸੀਂ
ਛਾਲਿਆਂ ਦੇ ਬੋਰ ਪਹਿਨੇ ਝਾਂਜਰਾਂ ਦੇ ਨਾਲ ਨਾਲ

ਫੇਰ ਕੀ ਜੇ ਪਹੁੰਚਿਆ ਪੰਛੀ ਨਹੀਂ ਅਸਮਾਨ ਤਕ
ਮਰ ਕੇ ਉਡਦੇ ਖੰਭ ਉਸਦੇ ਅੰਬਰਾਂ ਦੇ ਨਾਲ ਨਾਲ

ਹੰਸ ਤੇ ਬਗਲੇ ਪਛਾਣੇ ਜਾਣਗੇ ਏਸੇ ਤਰ੍ਹਾਂ
ਮੋਤੀਆਂ ਦੀ ਚੋਗ਼ ਪਾ ਦੇ ਕੰਕਰਾਂ ਦੇ ਨਾਲ ਨਾਲ

ਚਮਕ ਹੈ ਕਿਸਦੀ ਜ਼ਿਆਦਾ ਫ਼ੈਸਲੇ ਹੋ ਜਾਣਗੇ
ਸੁਲਗ਼ਦੇ ਜਜ਼ਬੇ ਟਿਕਾ ਦੇ ਖ਼ੰਜਰਾਂ ਦੇ ਨਾਲ ਨਾਲ

ਨ੍ਹੇਰੀਆਂ ਵਿਚ ਬਿਰਖ ਤੇ ਬੰਦੇ ਦਾ ਇੱਕੋ ਹਸ਼ਰ ਹੈ
ਆਦਮੀ ਦਾ ਦਿਲ ਤੇ ਪੱਤੇ ਥਰਥਰਾਂਦੇ ਨਾਲ ਨਾਲ

ਇਹ ਕਦੋਂ ਚੱਲੇਗਾ ਬਣ ਕੇ ਜ਼ਿੰਦਗੀ ਦਾ ਹਮਸਫ਼ਰ
ਦੌੜਦਾ ਈਮਾਨ ਹਾਲੇ ਡਾਲਰਾਂ ਦੇ ਨਾਲ ਨਾਲ

ਪੂਰਨਾ ਤੂੰ ਜੋਗ ਲੈ ਕੇ ਮੁਕਤ ਹੋ ਸਕਦਾ ਨਹੀਂ
ਆਤਮਾ ਤੜਪੇਗੀ ਤੇਰੀ ਸੁੰਦਰਾਂ ਦੇ ਨਾਲ ਨਾਲ

ਸ਼ਿਅਰ 'ਤੇ ਭਾਵੇਂ ਨਾ ਦੇਈਂ ਦਾਦ ਪਰ ਅਹਿਸਾਸ ਕਰ
ਕਿਸ ਤਰ੍ਹਾਂ ਮੈਂ ਤੜਪਿਆ ਹਾਂ ਅੱਖਰਾਂ ਦੇ ਨਾਲ ਨਾਲ



ਕੁਝ ਰੌਸ਼ਨੀ ਤਾਂ ਹੋਵੇ ਕੁਝ ਤਾਂ ਇਹ ਰਾਤ ਸਰਕੇ
ਗਲੀਆਂ 'ਚ ਯਾਰ ਆਏ ਤਲੀਆਂ 'ਤੇ ਦੀਪ ਧਰਕੇ

ਕੁਝ ਲੋਕ ਰੰਗ ਲਭਦੇ ਬਦਰੰਗ ਹੋ ਗਏ ਨੇ
ਰਖਦੇ ਜੋ ਕਾਪੀਆਂ ਵਿਚ ਤਿਤਲੀ ਦੇ ਪਰ ਕੁਤਰ ਕੇ

ਆਵੋ ਜਵਾਬ ਦੇਵੋ ਕੋਈ ਸਵਾਲ ਆਇਆ
ਜਿਹਲਮ ਚਨਾਬ ਰਾਵੀ ਸਤਲੁਜ ਬਿਆਸ ਤਰ ਕੇ

ਪਾਗ਼ਲ ਹਨ੍ਹੇਰੀਆਂ ਨੂੰ ਉਪਦੇਸ਼ ਕੌਣ ਦੇਵੇ
ਸਭ ਪਾਕ ਪੁਸਤਕਾਂ ਦੇ ਉਡਦੇ ਪਏ ਨੇ ਵਰਕੇ

ਮੰਨਿਆ ਕਿ ਬਾਗ਼ ਉਸਦਾ ਆਬਾਦ ਹੋਇਆ ਫਿਰ ਵੀ
ਪੂਰਨ ਉਦਾਸ ਹੋਇਆ ਜੰਗਲ ਨੂੰ ਯਾਦ ਕਰ ਕੇ

ਹੋਣੀ ਅਜੀਬ, ਮਹਿਰਮ ਆਉਂਦੇ ਬੇਗਾਨਿਆਂ ਜਿਉਂ
ਅਰਥੀ ਦੇ ਨਾਲ ਕਾਤਿਲ ਜਾਂਦੇ ਨੇ ਬਣ ਸੰਵਰ ਕੇ

ਕਿਸ ਹਾਲ ਜੀ ਸਕੇਗੀ ਸੀਨੇ 'ਚ ਅੱਗ ਲੈ ਕੇ
ਫੁਟਦਾ ਨਹੀਂ ਜੇ ਲਾਵਾ ਕਿਉਂ ਨਾ ਇਹ ਧਰਤ ਗਰਕੇ

ਸ਼ਬਦਾਂ ਦੇ ਆਲ੍ਹਣੇ ਨੂੰ ਅਰਥਾਂ ਦਾ ਨਿੱਘ ਦੇਵਾਂ
ਆਏ ਨੇ ਕਲਪਨਾ ਦੇ ਪੰਛੀ ਉਡਾਣ ਭਰ ਕੇ



ਇਕ ਦੂਜੇ ਦੇ ਨੇੜੇ ਆਏ ਤੇਰਾ ਖ਼ੰਜਰ ਮੇਰਾ ਦਿਲ
ਬਸ ਟਕਰਾਏ ਕਿ ਟਕਰਾਏ ਤੇਰਾ ਖ਼ੰਜਰ ਮੇਰਾ ਦਿਲ

ਕੀ ਹੋਇਆ ਜੇ ਮੌਸਮ ਫਿੱਕਾ ਪਰ ਕਬਰਾਂ ਦੇ ਫੁੱਲਾਂ 'ਤੇ
ਕਿੰਨੇ ਸੋਹਣੇ ਰੰਗ ਲਿਆਏ ਤੇਰਾ ਖ਼ੰਜਰ ਮੇਰਾ ਦਿਲ

ਖ਼ੌਰੇ ਕਾਹਤੋਂ ਭੁੱਲ ਗਿਆ ਉਹ ਹੋਰ ਹਾਦਸੇ ਸਾਰੇ ਹੀ
ਪਰ ਉਸ ਤੋਂ ਨਾ ਜਾਣ ਭੁਲਾਏ ਤੇਰਾ ਖ਼ੰਜਰ ਮੇਰਾ ਦਿਲ

ਇਕ ਤਾਂ ਸੁਰਖ਼ ਲਹੂ ਨੂੰ ਤਰਸੇ ਦੂਜਾ ਪਾਕ ਮੁਹੱਬਤ ਨੂੰ
ਦੋਵੇਂ ਹੀ ਡਾਢੇ ਤਿਰਹਾਏ ਤੇਰਾ ਖ਼ੰਜਰ ਮੇਰਾ ਦਿਲ

ਇਕ ਸੀ ਰਾਜਾ ਇਕ ਸੀ ਰਾਣੀ ਕਥਾ ਪੁਰਾਣੀ ਹੋ ਚੱਲੀ
ਅਜਕੱਲ੍ਹ ਅਖ਼ਬਾਰਾਂ 'ਤੇ ਛਾਏ ਤੇਰਾ ਖ਼ੰਜਰ ਮੇਰਾ ਦਿਲ

ਪੌਣਾਂ ਨੇ ਸਾਹ ਰੋਕ ਲਿਆ ਕੀ ਹੋਏਗਾ, ਬੇਦਰਦਾਂ ਨੇ
ਇੱਕੋ ਥਾਲੀ ਵਿੱਚ ਟਿਕਾਏ ਤੇਰਾ ਖ਼ੰਜਰ ਮੇਰਾ ਦਿਲ

ਬਲਦੀ ਨਦੀ ਦਾ ਲਹਿ ਗਿਆ ਬੇਸ਼ਕ ਉਬਾਲ ਹੈ
ਸਾਇਆ ਅਜੇ ਵੀ ਖ਼ੌਫ਼ ਦਾ ਸਾਹਾਂ ਦੇ ਨਾਲ ਹੈ

ਭਾਲਾਂਗੇ ਜ਼ੁਲਫ਼ਾਂ 'ਚੋਂ ਕਦੇ ਰਾਤਾਂ ਗਵਾਚੀਆਂ
ਫਿਲਹਾਲ ਸਾਨੂੰ ਖੋ ਗਏ ਆਪੇ ਦੀ ਭਾਲ ਹੈ

ਤੇਹਾਂ ਕਿਵੇਂ ਬੁਝਾ ਸਕੂ ਸਤਲੁਜ ਵੀ ਏਸ ਹਾਲ
ਹੰਝੂਆਂ ਦਾ ਇਹ ਪੰਜਾਬ ਦੀ ਗੱਲ੍ਹ 'ਤੇ ਘਰਾਲ ਹੈ

ਆਖ਼ਰ ਚਿਖ਼ਾ ਬਣੇਗਾ ਉਹ ਪਰ ਫਿਰ ਵੀ ਛਾਂ ਕਰੇ
ਸਿਵਿਆਂ 'ਚ ਉੱਗੇ ਬਿਰਖ ਦਾ ਜਿਗਰਾ ਕਮਾਲ ਹੈ

ਬਸਤੀ 'ਚ ਗੀਤਾਂ ਨਾਲ ਵਜਦੇ ਸਾਜ਼ ਬੇਸੁਰੇ
ਜੰਗਲ 'ਚ ਕੋਇਲ ਵਾਸਤੇ ਪੱਤਿਆਂ ਦਾ ਤਾਲ ਹੈ

ਦਰਵੇਸ਼ ਥਲ ਜਿਉਂ ਕਿਣਮਣੀ ਤਾਈਂ ਹੈ ਤਰਸਦਾ
ਕੁਝ ਇਸ ਤਰ੍ਹਾਂ ਦਾ ਆਪਣਾ ਅਜ ਹਾਲ ਚਾਲ ਹੈ

ਮੇਰੀ ਤਲੀ 'ਤੇ ਦਸਤਖ਼ਤ ਕਰਦਾ ਛੁਰੀ ਦੇ ਨਾਲ
ਮੇਰਾ ਸਨਮ ਮੇਰਾ ਬੜਾ ਰਖਦਾ ਖ਼ਿਆਲ ਹੈ



ਉਦਾਸ ਡਾਲ 'ਤੇ ਚਿੜੀਆਂ ਦੀ ਡਾਰ ਆਏਗੀ
ਨਾ ਬੇਕਰਾਰ ਹੋ ਮੁੜ ਕੇ ਬਹਾਰ ਆਏਗੀ

ਇਰਾਦੇ ਕਰ ਲਏ ਜਿੰਨ੍ਹਾਂ ਪਹਾੜ ਦੇ ਹਾਣੀ
ਉਨ੍ਹਾਂ ਦੇ ਦਰ 'ਤੇ ਹੀ ਚਸ਼ਮੇ ਦੀ ਧਾਰ ਆਏਗੀ

ਕਿਤਾਬ ਵਕਤ ਦੀ ਪੜ੍ਹਿਓ ਹਰੇਕ ਪੰਨੇ 'ਤੇ
ਅਸਾਡੇ ਸੀਸ ਤੇ ਉਸਦੀ ਕਟਾਰ ਆਏਗੀ

ਵਫ਼ਾ ਦਾ ਸੇਕ ਹੈ ਏਨਾ ਕਿ ਪਿਘਲ ਜਾਣੀ ਹੈ
ਦੁਆਲੇ ਇਸ਼ਕ ਦੇ ਜੋ ਵੀ ਦੀਵਾਰ ਆਏਗੀ

ਵਰਾਗ ਦਰਦ ਤੇ ਹਉਕੇ ਨੇ ਭਰ ਹੀ ਦੇਣੀ ਏ
ਜੇ ਦਿਲ ਦੇ ਸ਼ੀਸ਼ੇ 'ਚ ਕੋਈ ਦਰਾਰ ਆਏਗੀ

ਚਿਰਾਗ਼ ਦਿਲ ਦੇ ਬਲੇ ਤਾਂ ਸਵੇਰ ਹੋ ਜਾਣੀ
ਬਥੇਰਾ ਰਾਤ ਵੀ ਜ਼ੁਲਫ਼ਾਂ ਖਿਲਾਰ ਆਏਗੀ

ਮਿਲੇ ਜੋ ਦਿਨ ਕਦੇ ਤਾਂ ਜਾਪਦੇ ਸੁੰਨੀ ਸਰਾਂ ਵਰਗੇ
ਕਦੇ ਬਲਦੇ ਖ਼ਤਾਂ ’ਚੋਂ ਬਚ ਗਏ ਕੁਝ ਅੱਖਰਾਂ ਵਰਗੇ

ਸਰਾਲਾਂ ਵਾਂਗ ਨੇ ਸਾਹ ਪੀਂਦੀਆਂ ਇਹ ਕਾਲੀਆਂ ਰਾਤਾਂ
ਅਸਾਡੇ ਸੀਨਿਆਂ ’ਤੇ ਲੇਟਦੇ ਦਿਨ ਅਜਗਰਾਂ ਵਰਗੇ

ਲਹੂ ਵਿਚ ਡੁਬ ਗਈ ਸਾਰੀ ਹੀ ਸਾਡੇ ਵਕਤ ਦੀ ਪੋਥੀ
ਨਹੀਂ ਮਿਲਦੇ ਕਿਤੋਂ ਵਰਕੇ ਤਿਤਲੀਆਂ ਦੇ ਪਰਾਂ ਵਰਗੇ



ਕਦੇ ਇਹ ਜ਼ਖ਼ਮ ਬਣ ਜਾਂਦੇ ਕਦੇ ਇਹ ਲਾਟ ਬਣ ਜਾਂਦੇ
ਨਾ ਵੇਖੇ ਨਾ ਸੁਣੇ ਦਗ਼ਦੇ ਅੰਗਾਰੇ ਅੱਖਰਾਂ ਵਰਗੇ

ਬੜੇ ਸੰਤਾਪ ਦੇ ਪੱਥਰ ਤੇ ਬੜੀਆਂ ਗ਼ਮ ਦੀਆਂ ਲਹਿਰਾਂ
ਦਿਲਾਂ ਵਿਚ ਸਾਂਭ ਲੈਂਦੇ ਯਾਰ ਮੇਰੇ ਸਾਗਰਾਂ ਵਰਗੇ

ਅਜੇ ਵੀ ਖ਼ੌਫ਼ ਦਾ ਮੇਰੇ ਗਰਾਂ ਦੀ ਨੀਂਦ ’ਤੇ ਪਹਿਰਾ
ਮਸੋਸੇ ਖ਼ਾਬ ਮਿਲਦੇ ਨੇ ਅਜੇ ਢੋਏ ਦਰਾਂ ਵਰਗੇ

ਜਦੋਂ ਮਹਿਫ਼ਿਲ ’ਚ ਕੀਤੀ ਬੇਸੁਆਦੀ ਸੱਚ ਨੇ ਆ ਕੇ
ਜ਼ੁਬਾਨਾਂ ਠਾਕੀਆਂ ਤੇ ਹੋ ਗਏ ਦਿਲ ਪੱਥਰਾਂ ਵਰਗੇ

ਅਸੀਂ ਤਾਂ ਖ਼ੂਬ ਨੱਚਾਂਗੇ ਸਿਤਾਰੇ ਧੂਹ ਲਿਆਵਾਂਗੇ
ਕਿਤੋਂ ਮਿਲ ਜਾਣ ਜੇ ਦਿਨ ਚਾਰ ਹੀ ਬਸ ਝਾਂਜਰਾਂ ਵਰਗੇ

□

ਹਨ੍ਹੇਰੇ ਹੋ ਗਏ ਜਦ ਵੀ ਸਵਾਏ
ਅਸੀਂ ਹਰ ਮੋੜ ’ਤੇ ਦੀਵੇ ਜਗਾਏ

ਅਸੀਂ ਬਿਰਖਾਂ ਕਿਨਾਰੇ ਮੇਲ ਦਿੱਤੇ
ਜਦੋਂ ਪਰਛਾਵਿਆਂ ਦੇ ਪੁਲ ਬਣਾਏ

ਕਿਹਾ ਪੌਣਾਂ ਇਨ੍ਹਾਂ ਨੂੰ ਪੀੜ ਦੇਵੋ
ਕਮਾਦਾਂ ਨੇ ਜਦੋਂ ਸ਼ਮਲੇ ਹਿਲਾਏ



ਬਿਖ਼ਰ ਨਾ ਜਾਣ ਇਹ ਅੰਗਿਆਰ ਧੁਖ਼ਦੇ
ਜ਼ਰਾ ਹੌਲੀ ਗੁਜ਼ਰ ਜਾਈਂ ਹਵਾਏ

ਹੈ ਆਪੋ ਆਪਣੀ ਔਕਾਤ ਸਭ ਦੀ
ਕੋਈ ਚੰਬਾ ਕੋਈ ਥੋਹਰ ਉਗਾਏ

ਉਦਾਸੀ, ਖੌਫ਼, ਹਉਕੇ, ਅੱਥਰੂ, ਗ਼ਮ
ਖਜ਼ਾਨੇ ਧਰਤ ਨੇ ਕੀ ਕੀ ਛੁਪਾਏ

ਕਰੋਗੇ ਕੀ ਹਵਾ ਦਾ ਪੰਛੀਆਂ ਦਾ
ਤੁਸੀਂ ਹੱਦਾਂ ’ਤੇ ਸੌ ਪਹਿਰੇ ਬਿਠਾਏ

ਨਮੀ ਅੱਖਾਂ ਦੀ ਦਿਲ ਦਾ ਖ਼ੂਨ ਦੇਵੋ
ਵਿਚਾਰੇ ਹਰਫ਼ ਨੇ ਚਿਰ ਦੇ ਤਿਹਾਏ

ਸੂਲੀਆਂ ਦਾ ਸਿਲਸਿਲਾ ਵਸਦੇ ਘਰਾਂ ਦੇ ਕੋਲ ਕੋਲ
ਕੌਣ ਮਕਤਲ ਸਿਰਜਦਾ ਵਸਦੇ ਘਰਾਂ ਦੇ ਕੋਲ ਕੋਲ

ਹੌਲੀ ਹੌਲੀ ਰੇਤ ਹਾਲੇ ਤੀਕ ਭਰਦੀ ਸਿਸਕੀਆਂ
ਕੌਣ ਪੈੜਾਂ ਕਰ ਗਿਆ ਵਸਦੇ ਘਰਾਂ ਦੇ ਕੋਲ ਕੋਲ

ਨਾ ਨਜ਼ਰ ਆਈ ਕਿਤੇ ਉਡਦੇ ਪਤੰਗਾਂ ਦੀ ਕਤਾਰ
ਸ਼ੂਕਦੀ ਪਾਗਲ ਹਵਾ ਵਸਦੇ ਘਰਾਂ ਦੇ ਕੋਲ ਕੋਲ



ਕੀ ਪਤਾ ਕਿੱਥੇ ਕੁ ਮੁੱਕਣਾ ਹੈ ਇਹ ਖ਼ੰਜਰ ਦਾ ਸਫ਼ਰ
ਏਸਦਾ ਪਹਿਲਾ ਪੜਾਅ ਵਸਦੇ ਘਰਾਂ ਦੇ ਕੋਲ ਕੋਲ

ਕਰ ਸਕੇਂ ਤਾਂ ਏਸ ਨੂੰ ਸ਼ਮਸ਼ਾਨ ਤਕ ਮਹਿਦੂਦ ਕਰ
ਸਰਕਦਾ ਆਇਆ ਸਿਵਾ ਵਸਦੇ ਘਰਾਂ ਦੇ ਕੋਲ ਕੋਲ

ਰਹਿ ਗਏ ਕਿੰਨੇ ਇਕੱਲੇ ਹੋ ਗਏ ਕਿੰਨੇ ਉਦਾਸ
ਆਲ੍ਹਣਾ ਚਿੜੀਏ ਬਣਾ ਵਸਦੇ ਘਰਾਂ ਦੇ ਕੋਲ ਕੋਲ

ਖੰਡਰਾਂ ਲਈ ਵੈਣ ਚੀਖ਼ਾਂ ਕੁਝ ਨਾ ਕੁਝ ਤਾਂ ਰਹਿਣ ਦੇ
ਜ਼ਿੰਦਗੀ ਦਾ ਗੀਤ ਗਾ ਵਸਦੇ ਘਰਾਂ ਦੇ ਕੋਲ ਕੋਲ

ਦੀਵਿਆਂ ਤਕ ਫੈਲ ਨਾ ਜਾਵੇ ਸਿਆਹੀ ਰਾਤ ਦੀ
ਸੂਰਜਾ ਕਿਰਨਾਂ ਵਿਛਾ ਵਸਦੇ ਘਰਾਂ ਦੇ ਕੋਲ ਕੋਲ

ਹਵਾਵਾਂ 'ਚ ਬਾਰੂਦ ਘੁਲਿਆ ਰਿਹਾ ਤਾਂ
ਕਿਵੇਂ ਫੁੱਲ ਸੂਹੇ ਉਗਾਇਆ ਕਰਾਂਗੇ
ਰਿਹਾ ਅੰਬਰੀਂ ਜੇ ਜਹਾਜ਼ਾਂ ਦਾ ਪਹਿਰਾ
ਤਾਂ ਕਿੱਥੇ ਕਬੂਤਰ ਉਡਾਇਆ ਕਰਾਂਗੇ

ਬੜਾ ਸੇਕ ਹੈ ਸੁਲਗ਼ਦੇ ਰਿਸ਼ਤਿਆਂ ਦਾ
ਨਿਆਂ ਦੀ ਕਰੂੰਬਲ ਵੀ ਝੁਲਸੀ ਪਈ ਹੈ
ਮਨੁੱਖਾਂ 'ਚ ਮੋਹ ਕਣੀ ਨਾ ਰਹੀ ਤਾਂ
ਦਰਖ਼ਤਾਂ ਨੂੰ ਦੁਖੜੇ ਸੁਣਾਇਆ ਕਰਾਂਗੇ



ਅਜੇ ਯਾਰ ਬੇਬਸ ਨੇ ਪਰਲੇ ਕਿਨਾਰੇ
ਵਿਚਾਲੇ ਨਦੀ ਕਹਿਰ ਦੀ ਸ਼ੂਕਦੀ ਹੈ
ਮੁਹੱਬਤ ਦੇ ਪੁਲ ਜੇ ਰਹੇ ਤਿੜਕਦੇ ਤਾਂ
ਕਿਵੇਂ ਦੋ ਕਿਨਾਰੇ ਮਿਲਾਇਆ ਕਰਾਂਗੇ

ਸਮੇਂ ਨੂੰ ਕੋਈ ਕੰਬਣੀ ਦੇ ਸਕੇ ਨਾ
ਤੇ ਵਲਗਣ 'ਚ ਜੇਕਰ ਤਰੇੜਾਂ ਨਾ ਪਾਈਆਂ
ਤਵਾਰੀਖ਼ 'ਚੋਂ ਆਉਂਦੀਆਂ ਪੀੜ੍ਹੀਆਂ ਨੂੰ
ਕਿਵੇਂ ਆਪਣਾ ਮੂੰਹ ਵਿਖਾਇਆ ਕਰਾਂਗੇ

ਕਦੋਂ ਤਕ ਜ਼ਮੀਰਾਂ ਦੇ ਮੁਜਰਿਮ ਰਹਾਂਗੇ
ਕਰਾਂਗੇ ਕਿਵੇਂ ਸ਼ਾਂਤ ਦਿਲ ਦੇ ਵਰੋਲੇ
ਸਰਾਪੀ ਹਵਾ ਨੇ ਜੋ ਰੂਹਾਂ 'ਤੇ ਉੱਕਰੇ
ਕਿਵੇਂ ਨਕਸ਼ ਗ਼ਮ ਦੇ ਮਿਟਾਇਆ ਕਰਾਂਗੇ

ਕਰੀਰਾਂ ਦੀ ਛਾਵੇਂ ਦੁਪਹਿਰੇ ਹਾਂ ਬੈਠੇ
ਝਰੀਟੇ ਤਨਾਂ 'ਚੋਂ ਜਗਾਵਾਂਗੇ ਕਿਰਨਾਂ
ਲਹੂ ਦੀ ਸੁਗੰਧੀ ਚੁਫ਼ੇਰੇ ਖਿੰਡਾ ਕੇ
ਕਿਸੇ ਦਿਨ ਬਦੀ ਦਾ ਸਫ਼ਾਇਆ ਕਰਾਂਗੇ

ਧੂੰਏ ਤੇ ਧੁੰਦ ਨੂੰ ਕਿਉਂ ਹੈ ਸਮਝਿਆ ਕਿਨਾਰਾ
ਮੰਜ਼ਿਲ ਹੈ ਦੂਰ ਤੇਰੀ ਚੱਪੂ ਚਲਾ ਓ ਯਾਰਾ

ਉਸ ਪਾਰ ਜਾਏ ਬਾਝੋਂ ਹੋਣਾ ਨਹੀਂ ਗੁਜ਼ਾਰਾ
ਰਾਹਾਂ ’ਚ ਹੈ ਸਮੁੰਦਰ ਭਾਵੇਂ ਝਨਾਂ ਦੀ ਧਾਰਾ

ਅੱਥਰੂ ਹਰੇਕ ਬਣਿਆ ਇਕ ਦਗ਼ ਰਿਹਾ ਅੰਗਾਰਾ
ਹਉਕੇ ਤਾਂ ਬਣ ਗਏ ਨੇ ਇਕ ਅੱਗ ਵਰਗਾ ਨਾਅਰਾ



ਦਿਲ ਦੀ ਗੁਫ਼ਾ ਦੇ ਅੰਦਰ ਕਿਸਨੂੰ ਉਡੀਕਦਾ ਏਂ
ਤੇਰੇ ਤੋਂ ਵੱਧ ਕੋਈ ਤੇਰਾ ਨਹੀਂ ਸਹਾਰਾ

ਇਕ ਅਜਨਬੀ ਦੇ ਵਾਂਗੂੰ ਤੂਫ਼ਾਨ ਗੁਜ਼ਰਿਆ ਸੀ
ਲੰਘਿਆ ਝੰਜੋੜ ਕੇ ਹੈ ਇਕ ਪੌਣ ਦਾ ਹੁਲਾਰਾ

ਨਜ਼ਰਾਂ ਜੇ ਮੈਲੀਆਂ ਤਾਂ ਨੈਣਾਂ ’ਚ ਬੁਝ ਵੀ ਸਕਦੈ
ਅੰਬਰ ’ਤੇ ਰੋਜ਼ ਚੜ੍ਹਦਾ ਓਹੀ ਅਜੇ ਵੀ ਤਾਰਾ

ਅੰਬਰ ਦਾ ਰੰਗ ਨੀਲਾ ਐਵੇਂ ਨਹੀਂ ਹੈ ਹੋਇਆ
ਇਸਨੇ ਸਿਤਾਰਿਆਂ ਦਾ ਪੀਤਾ ਏ ਜ਼ਹਿਰ ਸਾਰਾ

ਹੋਰਾਂ ਲਈ ਨੇ ਗਾਗਰਾਂ ਇਕ ਦੋ ਬਥੇਰੀਆਂ
ਤੇਰੀ ਨਦੀ ਤੋਂ ਮੇਰੀਆਂ ਤੇਹਾਂ ਲੰਮੇਰੀਆਂ

ਤੇਰੇ ਸ਼ਹਿਰ ਦੇ ਬਾਣੀਏਂ ਲੈ ਗਏ ਉਧਾਲ ਕੇ
ਜਦ ਵੀ ਉਮੰਗਾਂ ਮੇਰੀਆਂ ਹੋਈਆਂ ਲਵੇਰੀਆਂ

ਚੰਗਾ ਭਲਾ ਸੀ ਓਸਨੂੰ ਇਕਦਮ ਕੀ ਹੋ ਗਿਆ
ਪਹਿਲਾਂ ਬਣਾਉਂਦਾ ਹੈ ਤੇ ਫਿਰ ਢਾਹੁੰਦਾ ਹੈ ਢੇਰੀਆਂ



ਹਾਲੇ ਵੀ ਸਦੀਆਂ ਬਾਅਦ ਹੈ ਕੰਬਦੀ ਦਰੋਪਤੀ
ਮਰਦਾਂ ਜੁਆਰੀਆਂ ਜਦੋਂ ਨਰਦਾਂ ਬਖ਼ੇਰੀਆਂ

ਏਧਰ ਤਾਂ ਨਾਗਾਂ ਘੇਰ ਲਏ ਚਿੜੀਆਂ ਦੇ ਆਲ੍ਹਣੇ
ਉੱਡੀਆਂ ਤਾਂ ਓਧਰ ਅੰਬਰੀਂ ਕਾਗਾਂ ਨੇ ਘੇਰੀਆਂ

ਉਹਨਾਂ ਨੂੰ ਗੂੰਗੇ ਵਕਤ ਨੇ ਸੁਕਰਾਤ ਨਾ ਕਿਹਾ
ਯਾਰਾਂ ਨੇ ਏਥੇ ਪੀਤੀਆਂ ਜ਼ਹਿਰਾਂ ਬਥੇਰੀਆਂ

ਧਰਤੀ ਨੂੰ ਕੱਜਣ ਵਾਸਤੇ ਪੁੰਨਿਆਂ ਦੀ ਰਾਤ ਨੂੰ
ਮਾਈ ਨੇ ਬਹਿ ਕੇ ਚੰਨ 'ਤੇ ਕਿਰਨਾਂ ਅਟੇਰੀਆਂ

ਕੰਬਿਆ ਦਿਲ ਬੜਾ ਸ਼ੀਸ਼ਿਆਂ ਦਾ
ਢੇਰ ਕੋਲੇ ਪਿਆ ਪੱਥਰਾਂ ਦਾ

ਰਾਤ ਸਾਰੀ ਹੀ ਵਗਦੀ ਹਵਾ ਨੇ
ਪਰਖਿਆ ਖ਼ੂਬ ਦਮ ਦੀਵਿਆਂ ਦਾ

ਭਟਕਦਾ ਬਹੁਤ ਸਤਲੁਜ ਪਿਆਸਾ
ਭਾਲਦਾ ਹੈ ਇਹ ਪਾਣੀ ਝਨਾਂ ਦਾ

ਫੇਰ ਨੈਣਾਂ ’ਚੋਂ ਪੀਆਂਗੇ, ਪਹਿਲਾਂ
ਸੇਕ ਪੀਣਾ ਹੈ ਧੁਖ਼ਦੇ ਦਿਲਾਂ ਦਾ

ਠੋਸ ਧਰਤੀ ਖ਼ਿਆਲਾਂ ਨੂੰ ਦੇਵੋ
ਕੀ ਕਰਾਂਗੇ ਨਿਰੀ ਕਲਪਨਾ ਦਾ

ਖੁੱਲ੍ਹੇ ਅੰਬਰ ’ਚ ਉਸਨੇ ਕੀ ਉੜਨਾ
ਬੋਝ ਲਗਦਾ ਹੈ ਜਿਸਨੂੰ ਪਰਾਂ ਦਾ

ਲੈ ਕੇ ਹੱਥਾਂ ’ਚ ਕਿਰਨਾਂ ਦੇ ਤੋਹਫ਼ੇ
ਕਾਫ਼ਲਾ ਆ ਗਿਆ ਸਰਘੀਆਂ ਦਾ



ਸ਼ੋਰ ਵਿਚ ਖ਼ਾਮੋਸ਼ੀਆਂ ਵਿਚ ਕਿਸ ਜਗ੍ਹਾ ਨਾ ਢੂੰਡਿਆ
ਹਰ ਬਸ਼ਰ ਦਾ ਆਪਣਾ ਹੀ ਥਹੁ-ਪਤਾ ਹੈ ਗੁੰਮਸ਼ੁਦਾ

ਫੁੱਲ ਸਨ ਤੇ ਰੰਗ ਸਨ ਖ਼ੁਸ਼ਬੂ ਕਿਤੇ ਸੀ ਰੌਸ਼ਨੀ
ਹੁਣ ਅਸਾਡਾ ਪੈ ਗਿਆ ਹੈ ਤਲਖ਼ੀਆਂ ਸੰਗ ਵਾਸਤਾ

ਓਸਨੇ ਜਦ ਤੋਂ ਸੁਣੀ ਹੈ ਜੰਗਲਾਂ ਦੀ ਦਾਸਤਾਂ
ਨਾ ਦਿਨੇ ਟਿਕਦਾ ਹੈ ਰਹਿੰਦਾ ਰਾਤ ਨੂੰ ਵੀ ਜਾਗਦਾ

ਨਾ ਕਿਸੇ ਅਖ਼ਬਾਰ ਨੇ ਛਾਪੀ ਕਦੇ ਉਸਦੀ ਖ਼ਬਰ
ਹਰ ਘੜੀ ਹਿਰਦੇ ’ਚ ਸਾਡੇ ਹੋ ਰਿਹਾ ਜੋ ਹਾਦਸਾ

ਕੀ ਪਤੈ ਕਿਹੜੀ ਗੁਫ਼ਾ ਵਿਚ ਸੌਂ ਗਿਆ ਹੈ ਮਾਂਦਰੀ
ਜ਼ਹਿਰ ਫ਼ਿਰਕੂ ਨਾਗ ਦਾ ਹੈ ਮੌਸਮਾਂ ਨੂੰ ਚੜ੍ਹ ਗਿਆ

ਦਿਲ ’ਚ ਉਸਦੀ ਯਾਦ ਦੀ ਜੁਗਨੂੰ ਜਿਹੀ ਹੈ ਰੌਸ਼ਨੀ
ਇਹ ਰਹੇ ਮਹਿਫੂਜ਼ ਇਸ ਤੋਂ ਲੱਖ ਸੂਰਜ ਵਾਰਿਆ

ਸਾੜ ਨਾ ਸਕਿਆ ਉਹ ਮੇਰਾ ਸਾਰੇ ਦਾ ਸਾਰਾ ਹੀ ਦਿਲ
ਰਹਿ ਗਿਆ ਅਹਿਸਾਸ ਦਾ ਕੋਈ ਕਬੂਤਰ ਗੁਟਕਦਾ

ਉਹ ਵੀ ਦਿਨ ਸੀ ਢਾਬ ਤੀਕਰ ਆਪ ਸੀ ਆਈ ਨਦੀ
ਮਾਫ਼ ਕਰਨਾ ਪੰਛੀਓ ਅਜ ਆਪ ਤਿਰਹਾਈ ਨਦੀ

ਕੀ ਪਤਾ ਸੀ ਮੈਲ ਸਦੀਆਂ ਦੀ ਸਦਾ ਧੋਣੀ ਪਊ
ਸ਼ਿਵ ਜਟਾਵਾਂ ’ਚੋਂ ਬਰੀ ਹੋ ਕੇ ਵੀ ਪਛਤਾਈ ਨਦੀ

ਗਉਣ ਦੀ ਥਾਵੇਂ ਮਲਾਹਾਂ ਭਰ ਲਏ ਹਉਕੇ ਜਦੋਂ
ਗਰਕਦੀ ਜਾਵੇ ਥਲਾਂ ਵਿਚ ਪਰਬਤਾਂ ਜਾਈ ਨਦੀ

ਏਸ ਦੇ ਜਲ ’ਚੋਂ ਜਨੌਰਾਂ ਚੁੰਝ ਭਰਨੀ ਸੀ ਅਜੇ
ਦੋਖੀਆਂ ਨੇ ਜਾਮ ਵਿਚ ਸਾਰੀ ਹੀ ਉਲਟਾਈ ਨਦੀ

ਕੀ ਪਤਾ ਸੀ ਢੋਣੀਆਂ ਲਾਸ਼ਾਂ ਕਿਸੇ ਦਿਨ ਪੈਣੀਆਂ
ਸੋਚਦੀ: ਮੈਂ ਰੇਤ ਹੁੰਦੀ ਕਿਉਂ ਮੈਂ ਅਖਵਾਈ ਨਦੀ

ਬਰਫ਼ ਹੈ ਜਾਂ ਭਾਫ਼ ਹੈ ਦੱਸ ਜਾਣ ਕਿੱਥੇ ਮਛਲੀਆਂ
ਬੇਬਸੀ ਅੰਦਰ ਵਿਚਾਰੀ ਨੈਣ ਭਰ ਆਈ ਨਦੀ

ਸ਼ੋਰ ਤੂਫ਼ਾਨਾਂ ਦਾ ਮੁਕ ਜਾਵੇਗਾ ਆਖ਼ਿਰ ਓਸ ਦਿਨ
ਲਭ ਲਵੇਗੀ ਫੇਰ ਡੁੱਬੀ ਹੈ ਜੋ ਸ਼ਹਿਨਾਈ ਨਦੀ



ਹਿਜਰਾਂ ਦੇ ਕੋਲਿਆਂ ’ਤੇ ਭੁਜਦੇ ਸ਼ਬਾਬ ਦੇਖੇ
ਅਪਣੀ ਹੀ ਮਹਿਕ ਅੰਦਰ ਸੜਦੇ ਗੁਲਾਬ ਦੇਖੇ

ਤੂੰ ਬਹਿ ਗਿਆ ਹੈਂ ਲੈ ਕੇ ਇੱਕੋ ਝਨਾਂ ਦੇ ਹੰਝੂ
ਮੈਂ ਸੌਣ ਵਾਂਗੂੰ ਰੋਂਦੇ ਪੰਜੇ ਹੀ ਆਬ ਦੇਖੇ

ਭੋਰਾ ਕੁ ਸੇਕ ਤੋਂ ਹੀ ਕਿਉਂ ਤੰਗ ਆ ਗਏ ਹੋ
ਸਦੀਆਂ ਤੋਂ ਮੈਂ ਤਾਂ ਏਥੇ ਮੌਸਮ ਖ਼ਰਾਬ ਦੇਖੇ

ਸੂਰਜ ਉਦਾਸ ਭਲਕੇ ਚੜ੍ਹਨਾ ਨਹੀਂ ਕਿ ਇਸਨੇ
ਤੀਰਾਂ ਦੀਆਂ ਨੋਕਾਂ ’ਤੇ ਟੰਗੇ ਉਕਾਬ ਦੇਖੇ

ਏਧਰ ਤਲਾਬ ਤਾਈਂ ਮੱਛੀਆਂ ਉਵੇਂ ਹੀ ਦੇਖਣ
ਬੱਦਲਾਂ ਨੂੰ ਜਿਸ ਤਰ੍ਹਾਂ ਉਹ ਸੁਕਦਾ ਤਲਾਬ ਦੇਖੇ

ਪੁੱਛੇ ਬਿਨਾਂ ਹੀ ਪੌਣਾਂ ਮਹਿਲਾਂ ’ਚ ਆਣ ਵੜੀਆਂ
ਫ਼ਤਵਾ ਕਿਵੇਂ ਹੈ ਦੇਣਾ ਕਾਜ਼ੀ ਕਿਤਾਬ ਦੇਖੇ

ਤਿਰਹਾਈਆਂ ਕੁਮਲਾਈਆਂ ਤੇ ਪਥਰਾਈਆਂ ਨੇ
ਕਿਹੜੇ ਸਰ 'ਚੋਂ ਪੌਣਾਂ ਨ੍ਹਾ ਕੇ ਆਈਆਂ ਨੇ

ਇਕ ਦੂਜੇ ਦੀ ਛੋਹ ਨੂੰ ਤਰਸਣ ਰੁੱਖ ਸਦਾ
ਲੇਕਿਨ ਜੱਫੀਆਂ ਪਾ ਰਹੀਆਂ ਪਰਛਾਈਆਂ ਨੇ

ਮੌਸਮ ਨੇ ਇਤਰਾਜ਼ ਬੜਾ ਹੀ ਕਰਿਆ ਹੈ
ਕੁੜੀਆਂ ਨੇ ਅਜ ਕਿਉਂ ਵੰਗਾਂ ਛਣਕਾਈਆਂ ਨੇ

ਲਗਦਾ ਹੈ ਅਜ ਪਿੰਡ ਮੇਰੇ ਦੀ ਖ਼ੈਰ ਨਹੀਂ
ਪਿੰਡ ਮੇਰੇ 'ਤੇ ਗਿਰਝਾਂ ਨੀਝਾਂ ਲਾਈਆਂ ਨੇ

ਸਾਗਰ ਵਿਚ ਬੇਦਰਦੀ ਤੇ ਸੰਤਾਪ ਦੀਆਂ
ਬੜੀਆਂ ਲਹਿਰਾਂ ਕਿਸ਼ਤੀ ਸੰਗ ਟਕਰਾਈਆਂ ਨੇ

ਉਸਦਾ ਆਉਣਾ ਸੁਪਨਾ ਹੈ ਟੁੱਟ ਜਾਵੇਗਾ
ਜਿਸ ਦੀ ਖ਼ਾਤਰ ਤੂੰ ਬਾਹਾਂ ਫੈਲਾਈਆਂ ਨੇ

ਅਰਮਾਨਾਂ ਦੀ ਪੈਲੀ ਨੂੰ ਬਰਸਾਤ ਦਿਓ
ਹਾਲੇ ਸਿਰ 'ਤੇ ਤਿੱਤਰਖੰਭੀਆਂ ਛਾਈਆਂ ਨੇ



ਧੁੱਪਾਂ ਉਦਾਸ ਨੇ ਕਿਤੇ ਛਾਵਾਂ ਉਦਾਸ ਨੇ
ਬੇਗ਼ਮਪੁਰੇ ਨੂੰ ਜਾਂਦੀਆਂ ਰਾਹਵਾਂ ਉਦਾਸ ਨੇ

ਚੂੜੇ ਕਲੀਰੇ ਵਾਲੀਆਂ ਬਾਹਵਾਂ ਉਦਾਸ ਨੇ
ਸਿਹਰੇ ਉਦਾਸ ਨੇ ਕਿਤੇ ਲਾਵਾਂ ਉਦਾਸ ਨੇ

ਜਨਣੀ ਮਿਰੀ ਤੇ ਦੂਸਰੀ ਬੋਲੀ ਇਹ ਸ਼ਰਬਤੀ
ਅਜਕਲ੍ਹ ਇਹ ਦੋਵੇਂ ਮੇਰੀਆਂ ਮਾਵਾਂ ਉਦਾਸ ਨੇ

ਸਭ ਖ਼ੈਰ ਸੁਖ ਹੈ ਇਸ ਤਰ੍ਹਾਂ ਛਪਦੀ ਨਹੀਂ ਖ਼ਬਰ
ਅਖ਼ਬਾਰ ਦੇ ਸਫ਼ਿਆਂ 'ਤੇ ਘਟਨਾਵਾਂ ਉਦਾਸ ਨੇ

ਫੜ ਵੀ ਸਕਾਂਗੇ ਜਾਂ ਨਹੀਂ ਉਡਦੀ ਸੁਗੰਧ ਨੂੰ
ਕੁਝ ਸਿਆਣਿਆਂ ਲੋਕਾਂ ਦੀਆਂ ਰਾਵਾਂ ਉਦਾਸ ਨੇ

ਕੋਈ ਇਨ੍ਹਾਂ ਨੂੰ ਦੇ ਦਵੇ ਖ਼ੁਸ਼ੀਆਂ ਦੇ ਚਾਰ ਪਲ
ਗ਼ਜ਼ਲਾਂ ਉਦਾਸ ਨੇ ਤੇ ਕਵਿਤਾਵਾਂ ਉਦਾਸ ਨੇ

ਫਿਰਨੀ, ਪਹੀ, ਹਰਿਕ ਗਲੀ, ਹੱਟੀਆਂ ਤੇ ਭੱਠੀਆਂ
ਮੇਰੇ ਗਰਾਂ ਇਹ ਸਾਰੀਆਂ ਥਾਵਾਂ ਉਦਾਸ ਨੇ

ਫੂਲਾਂਜ਼ਾਦੀ ਦੀ ਗਾਥਾ ਕਦੇ ਫਿਰ ਸਹੀ
ਅਜ ਸਲੀਬਾਂ ’ਤੇ ਟੰਗਿਆਂ ਦੀ ਚਰਚਾ ਕਰੋ
ਪੰਜ ਦਰਿਆ ਤਾਂ ਕਰਲਾਂਗੇ ਸਰ ਫੇਰ ਵੀ
ਪਹਿਲਾਂ ਅੱਥਰੀ ਨਦੀ ਇਹ ਲਹੂ ਦੀ ਤਰੋ

ਚੂਰ ਹੋਏ ਨੇ ਸੁਪਨੇ ਤਿੜਕ ਗਏ ਨੇ ਦਿਲ
ਹੁਣ ਤਾਂ ਖ਼ਾਬਾਂ ’ਚ ਹੀ ਯਾਰ ਸਕਦੇ ਨੇ ਮਿਲ
ਕੰਬ ਜਾਏ ਨਾ ਧਰਤੀ ਨਾ ਪਾਟੇ ਅੰਬਰ
ਏਨਾ ਡੂੰਘਾ ਨਾ ਯਾਰੋ ਇਹ ਹਉਕਾ ਭਰੋ



ਮਹਿਕਦੇ ਬਾਗ ਨੂੰ ਕੌਣ ਜੰਗਲ ਕਰੇ
ਕੌਣ ਝਾਂਜਰ ਪਾਜ਼ੇਬਾਂ ਦੇ ਸੰਗਲ ਕਰੇ
ਓਸ ਬਦਰੂਹ ਨੂੰ ਬਣ ਕੇ ਖੁਭੋ ਬਰਛੀਆਂ
ਮੇਰੇ ਬਿਖ਼ਰੇ ਹੋਏ ਜਿਸਮ ਦੀ ਛਿਲਤਰੋ

ਪਹਿਲਾਂ ਰਾਹਾਂ ’ਚੋਂ ਚੁਕ ਤਾਂ ਲਵੋ ਮੋਹੜੀਆਂ
ਫੇਰ ਗਾਵਾਂਗੇ ਵੀਰਾਂ ਦੀਆਂ ਘੋੜੀਆਂ
ਭਲਕ ਦੀ ਗੱਲ ਹੈ ਇਹ ਮਹਿਕ ਮਾਨਣੀ
ਅੱਜ ਸੜਦੇ ਗੁਲਾਬਾਂ ਦੀ ਪੀੜਾ ਹਰੋ

ਇਹ ਜੋ ਸਹਿਮੇ ਪਰਿੰਦੇ ਕਿਵੇਂ ਗਾਉਣਗੇ
ਆਉਣ ਵਾਲੇ ਵੀ ਕਿਹੜੀ ਗਲੀ ਆਉਣਗੇ
ਹਰ ਚੁਰਸਤੇ ਬੜਾ ਹੈ ਹਨ੍ਹੇਰਾ ਖੜ੍ਹਾ
ਬਾਲ ਦਿਲ ਦੇ ਚਿਰਾਗ਼ਾਂ ਨੂੰ ਹਰ ਥਾਂ ਧਰੋ

ਤੁਰ ਗਏ ਜੋ ਉਨ੍ਹਾਂ ਫੇਰ ਆਉਣਾ ਨਹੀਂ
ਬਸ ਕਰੋ ਸਾਥੀਓ ਹੋਰ ਰੋਣਾ ਨਹੀਂ
ਹੁਣ ਤਨਾਂ ’ਤੇ ਸੰਘਰਸ਼ਾਂ ਦਾ ਵਟਣਾ ਮਲੋ
ਜੋ ਉਡੀਕੇ ਉਹ ਮੰਜ਼ਿਲ ਦੀ ਲਾੜੀ ਵਰੋ

□

ਜਿਸ ਬਰਸਾਤਾਂ ਠੱਲ੍ਹੀਆਂ ਪਲਕਾਂ ਅੰਦਰ ਸੀ
ਉਹ ਤਾਂ ਕੋਈ ਸਮੁੰਦਰ ਸੀ ਜਾਂ ਅੰਬਰ ਸੀ

ਜਿਉਂਦੇ ਜੀ ਉਹ ਸੀ ਬੇਤਾਲਾ ਸਿਰ ਫਿਰਿਆ
ਗੁਜ਼ਰ ਗਿਆ ਤਾਂ ਲੋਕਾਂ ਲਈ ਪੈਗ਼ੰਬਰ ਸੀ

ਕੀ ਦਰਿਆ ਦਾ ਦੋਸ਼ ਮਲਾਹਾਂ ਸੀ ਡੁਬਣਾ
ਬੇੜੀ ਦੇ ਵਿਚ ਬਾਦਬਾਨ ਨਾ ਲੰਗਰ ਸੀ

ਬੋਟਾਂ ਖੰਭ ਖਿਲਾਰੇ ਕਾਵਾਂ ਘੇਰ ਲਏ
ਮਾਸੂਮਾਂ ਦਾ ਚਾਅ ਐਵੇਂ ਛਿਣ ਭੰਗਰ ਸੀ

ਭਾਸ਼ਨ ਕਰਦੇ ਇੱਕ ਅਹਿੰਸਾਵਾਦੀ ਨੇ
ਬੋਚ ਲਿਆ ਖੀਸੇ 'ਚੋਂ ਡਿਗਦਾ ਖ਼ੰਜਰ ਸੀ

ਖ਼ੰਜਰ ਨਾਲ ਬਣਾ ਗਿਆ ਤਨ 'ਤੇ ਤਸਵੀਰਾਂ
ਕਾਤਿਲ ਮੇਰਾ ਕਲਾਕਾਰ ਇਕ ਨੰਬਰ ਸੀ

ਚੜ੍ਹਦੇ ਸੂਰਜ ਦੀ ਲਾਲੀ ਜਦ ਵੇਖੇਂਗਾ
ਯਾਦ ਕਰੇਂਗਾ ਹੁੰਦਾ ਇਕ 'ਜਸਵਿੰਦਰ' ਸੀ



□

ਇਕ ਪਲ ਜਗਦੇ ਇਕ ਪਲ ਬੁਝਦੇ ਮੇਰੇ ਘਰ ਦੇ ਦੀਵੇ
ਮੇਰੇ ਘਰ ਦੇ ਜੀਆਂ ਵਾਂਗੂੰ ਹਉਕੇ ਭਰਦੇ ਦੀਵੇ

ਇੰਤਜ਼ਾਰ ਵਿਚ ਏਧਰ ਮੇਰੀ ਜਾਗ ਰਹੀ ਤਨਹਾਈ
ਦਰਗਾਹਾਂ ਵਿਚ ਜਾਗਣ ਓਧਰ ਮਾਤਮ ਕਰਦੇ ਦੀਵੇ

ਏਥੋਂ ਦੀ ਖੁਸ਼ਬੂਆਂ ਲੈ ਕੇ ਲੰਘਣੀਆਂ ਅੱਜ ਪੌਣਾਂ
ਤੂੰ ਸੁੰਨੇ ਰਾਹਾਂ ਵਿਚ ਲਟ ਲਟ ਬਲਦੇ ਧਰਦੇ ਦੀਵੇ

ਸਾਗਰ ਦੇ ਵਿਚ ਡੁਬ ਸਕਦੇ ਨੇ ਚਾਨਣ ਦੇ ਮੀਨਾਰੇ
ਪਰ ਨੈਣਾਂ ਵਿਚ ਰਹਿਣੇ ਨੇ ਆਸਾਂ ਦੇ ਤਰਦੇ ਦੀਵੇ

ਮਿੱਟੀ ਦੇ ਜਾਂ ਆਟੇ ਦੇ ਹੀ ਦੀਪ ਹਮੇਸ਼ਾ ਜਗਣੇ
ਗੁਲ ਹੋ ਜਾਣੇ ਸ਼ੀਸ਼ੇ ਦੇ ਤੇ ਸੰਗਮਰਮਰ ਦੇ ਦੀਵੇ

ਰਾਹਗੀਰਾਂ ਨੂੰ ਲੈ ਆਇਆ ਜੋ ਸੁੰਨੀ ਰੋਹੀ ਤਾਈਂ
ਸ਼ੋ-ਕੇਸਾਂ ਵਿਚ ਰਖ ਦੇਵੋ ਹੁਣ ਉਸ ਰਹਿਬਰ ਦੇ ਦੀਵੇ

ਜੇਕਰ ਚਾਨਣ ਦੇ ਵਰਕੇ ਦਾ ਤੂੰ ਨਾ ਹਰਫ਼ ਉਠਾਇਆ
ਸਾੜਨਗੇ ਫਿਰ ਤੇਰੇ ਕਮਰੇ ਦੇ ਸਭ ਪਰਦੇ ਦੀਵੇ

ਮੌਸਮ ਨਾ-ਸਾਜ਼ਗਾਰ ਹੈ ਬਣ ਕੇ ਬਹਾਰ ਮਿਲ
ਹਰ ਪਲ ਹੀ ਸੋਗਵਾਰ ਹੈ ਦਿਲ ਦੇ ਕਰਾਰ ਮਿਲ

ਬੇਸ਼ਕ ਸੁਆਹ ਹਾਂ ਪਰ ਕਿਸੇ ਕੋਨੇ 'ਚ ਤਾਂਘ ਦਾ
ਮਘਦਾ ਕੋਈ ਅੰਗਾਰ ਹੈ ਮੇਰੇ ਪਿਆਰ ਮਿਲ

ਦਿਲ ਦੇ ਕਵਾੜ ਖੋਲ੍ਹ ਕੇ ਰੱਖੇ ਮੈਂ ਦੇਰ ਤੋਂ
ਤੇਰਾ ਹੀ ਇੰਤਜ਼ਾਰ ਹੈ ਹੁਣ ਵਾਰ ਵਾਰ ਮਿਲ



ਮਾਰੂਥਲਾਂ ਦੀ ਵਾਟ ਹੈ ਮੰਜ਼ਿਲ ਦੇ ਦੁਆਰ 'ਤੇ
ਅਗਨੀ ਦਾ ਵੰਦਨਬਾਰ ਹੈ ਸੀਤਲ ਫੁਹਾਰ ਮਿਲ

ਮੇਰੇ ਨਿਮਾਣੇ ਗੀਤ ਦੀ ਤੇਰੇ ਸੁਰਾਂ ਬਗ਼ੈਰ
ਬਸ ਉਮਰ ਘੜੀਆਂ ਚਾਰ ਹੈ ਬਣ ਕੇ ਸਿਤਾਰ ਮਿਲ

ਤੂਫ਼ਾਨ ਵੇਖ ਪਰਤਣਾ ਮਿਹਣਾ ਹੈ ਇਸ਼ਕ ਨੂੰ
ਬੇਸ਼ਕ ਝਨਾਂ ਦੀ ਧਾਰ ਹੈ ਹਰ ਹਾਲ ਪਾਰ ਮਿਲ

ਤੇਰੇ ਹੁੰਗਾਰੇ ਵਾਸਤੇ ਸਤਰਾਂ ਵੈਰਾਗੀਆਂ
ਹਰ ਸ਼ਬਦ ਬੇਕਰਾਰ ਹੈ ਖ਼ਤ ਮਿਲਣਸਾਰ ਮਿਲ

ਸਾਰੇ ਹੀ ਦਰ ਜੇ ਬੰਦ ਨੇ ਬਣ ਕੇ ਹਵਾ ਤੂੰ ਆ
ਰਾਹਾਂ 'ਚ ਜੇ ਦੀਵਾਰ ਹੈ ਬਾਹਾਂ ਪਸਾਰ ਮਿਲ

ਕੁਝ ਵੀ ਸੁਣਨਾ ਨਹੀਂ ਕੁਝ ਵੀ ਕਹਿਣਾ ਨਹੀਂ
ਤੇਰੀ ਨਗਰੀ ਅਸੀਂ ਹੋਰ ਰਹਿਣਾ ਨਹੀਂ

ਹਾਰ ਸ਼ਿੰਗਾਰ ਸਾਰੇ ਹੀ ਬੇਅਰਥ ਨੇ
ਹਿਰਦੇ ਅੰਦਰ ਜੇ ਉਲਫ਼ਤ ਦਾ ਗਹਿਣਾ ਨਹੀਂ

ਜਿਸਮ ਮਿਟ ਜਾਏਗਾ ਐ ਸਿਤਮਗਰ ਤੇਰਾ
ਤੇਰੀ ਰੂਹ ਤੋਂ ਕਦੇ ਦਾਗ਼ ਲਹਿਣਾ ਨਹੀਂ

ਏਸਦੇ ਮੂੰਹ ਨੂੰ ਲੱਗਿਆ ਮਨੁੱਖ ਦਾ ਲਹੂ
ਤੇਰਾ ਇਨਸਾਫ਼ ਲੋਕਾਂ ਨੇ ਸਹਿਣਾ ਨਹੀਂ

ਪਿਆਸ ’ਤੇ ਜੇ ਇਵੇਂ ਹੀ ਮਨਾਹੀ ਰਹੀ
ਓਦਰੇ ਪਾਣੀਆਂ ਫੇਰ ਵਹਿਣਾ ਨਹੀਂ

ਮੋਹ ਦੀ ਮਿੱਟੀ ’ਚੋਂ ਸਿਰਜਾਂਗੇ ਐਸਾ ਕਿਲ੍ਹਾ
ਜਿਸਨੇ ਖੁਰਨਾ ਨਹੀਂ ਜਿਸਨੇ ਢਹਿਣਾ ਨਹੀਂ



ਸੰਦਲੀ ਬਾਗਾਂ ਨੂੰ ਸਾਡੀ ਭਾਲ ਵਿਚ ਨਾ ਛਾਨਣਾ
ਧੁਖ਼ ਰਹੇ ਇਸ ਬਿਰਖ ’ਤੇ ਸੀ ਆਪਣਾ ਤਾਂ ਆਲ੍ਹਣਾ

ਤਪਸ਼ ਇਹ ਮੇਰੀ ਚਿਖ਼ਾ ਦੀ ਠਰਦਿਆਂ ਨੂੰ ਦੇ ਦਿਓ
ਉਮਰ ਭਰ ਬਲਦਾ ਰਿਹਾਂ ਕੀ ਬਲ ਗਏ ਦਾ ਬਾਲਣਾ

ਸ਼ੀਸ਼ਿਆਂ ਦਾ ਸਾਹਮਣਾ ਕੋਈ ਨਜ਼ਰ ਨਾ ਕਰ ਸਕੀ
ਹੋ ਗਿਆ ਔਖਾ ਹੈ ਅਪਣੇ ਆਪ ਨੂੰ ਪਹਿਚਾਨਣਾ

ਫੁੱਲ ਮਸਲੇ ਜਾਣ ਤੋਂ ਪਹਿਲਾਂ ਬੜਾ ਕੁਝ ਦੇ ਗਿਆ
ਏਸ ਦੇ ਰੰਗਾਂ ਤੇ ਇਸਦੀ ਮਹਿਕ ਨੂੰ ਸੰਭਾਲਣਾ

ਮਾਲੀਆਂ ਨੂੰ ਉੱਜੜੇ ਬਾਗਾਂ ਦੀ ਮਿੱਟੀ ਖਾ ਗਈ
ਬਾਲ ਕੇ ਦੀਵੇ ਉਡੀਕਣ ਫੇਰ ਕਿਸ ਨੂੰ ਮਾਲਣਾਂ

ਦੀਵਿਆਂ ਦੇ ਹੇਠ ਪਹਿਲਾਂ ਹੀ ਹਨ੍ਹੇਰਾ ਹੈ ਬੜਾ
ਮਹਿਫ਼ਿਲਾਂ ਵਿਚ ਯਾਰ ਮੇਰੇ ਦਾ ਬੜਾ ਹੈ ਚਾਨਣਾ

ਏਸ ਬਾਗ 'ਤੇ ਬਦਰੂਹਾਂ ਦਾ ਸਾਇਆ ਹੈ
ਡਾਲੀ ਉੱਤੇ ਖਿੜਿਆ ਫੁਲ ਮੁਰਝਾਇਆ ਹੈ

ਏਨੀ ਸੰਘਣੀ ਧੁੰਦ ਕਦੇ ਨਾ ਵੇਖੀ ਸੀ
ਸੂਰਜ ਨੇ ਅਜ ਕਿੰਨਾ ਭਾਰ ਉਠਾਇਆ ਹੈ

ਲਾਗਲੇ ਘਰ ਦੇ ਜੀਆਂ ਦੀ ਪਹਿਚਾਣ ਨਹੀਂ
ਉਂਜ ਬੰਦੇ ਨੇ ਚੰਨ 'ਤੇ ਪੈਰ ਟਿਕਾਇਆ ਹੈ

ਖ਼ਲਨਾਇਕ ਦਾ ਚਿਹਰਾ ਤੁਸੀਂ ਪਛਾਣ ਲਵੋ
ਰੰਗਮੰਚ ਤੋਂ ਪਰਦਾ ਮੈਂ ਸਰਕਾਇਆ ਹੈ

ਭਿਜੀਆਂ ਪਲਕਾਂ ਦੇ ਦਰਵਾਜ਼ੇ ਖੁੱਲ੍ਹੇ ਨੇ
ਦਿਲ ਦੇ ਵਿਹੜੇ ਕੌਣ ਪਰਾਹੁਣਾ ਆਇਆ ਹੈ

ਖ਼ੁਦ ਅਪਣਾ ਨਾਂ ਯਾਰ ਮੇਰੇ ਨੂੰ ਭੁੱਲ ਗਿਆ
ਵੀਣੀ ਉੱਤੇ 'ਜਸਵਿੰਦਰ' ਖੁਣਵਾਇਆ ਹੈ।



ਜੋ ਗਿਣਦੇ ਨੇ ਲਹਿਰਾਂ ਕਿਨਾਰੇ ਖੜ੍ਹੇ ਨੇ
ਬੜੀ ਦੂਰ ਨਦੀਓਂ ਵਿਚਾਰੇ ਖੜ੍ਹੇ ਨੇ

ਸਰਾਪੇ ਸਮੇਂ ਦਾ ਇਹ ਕੌਤਕ ਨਿਆਰਾ
ਨਾ ਨੀਹਾਂ ਨਾ ਕੰਧਾਂ ਚੁਬਾਰੇ ਖੜ੍ਹੇ ਨੇ

ਅਜੇ ਤੇਜ਼ ਧੁੱਪਾਂ 'ਚ ਸੜਨਾ ਹੈ ਆਪਾਂ
ਅਜੇ ਬਿਰਖ ਦੀ ਛਾਂ 'ਚ ਆਰੇ ਖੜ੍ਹੇ ਨੇ

ਸਿਵਾ ਠਰ ਗਿਆ ਹੈ ਘਰੀਂ ਲੋਕ ਪਰਤੇ
ਅਜੇ ਵੀ ਬੜੇ ਗ਼ਮ ਦੇ ਮਾਰੇ ਖੜ੍ਹੇ ਨੇ

ਅਜਬ ਹਾਦਸਾ ਹੈ ਸਮਾਂ ਰੁਕ ਗਿਆ ਹੈ
ਨਾ ਘੜੀਆਂ ਨਾ ਸੂਰਜ ਨਾ ਤਾਰੇ ਖੜ੍ਹੇ ਨੇ

ਮੈਂ ਪਲ ਪਲ ਬਲਾਂਗਾ ਤੇਰੀ ਯਾਦ ਵਿਚ ਵੀ
ਮੇਰੇ ਸਿਰ ਅਜੇ ਪਲ ਉਧਾਰੇ ਖੜ੍ਹੇ ਨੇ

ਕਿਸੇ ਗੀਤ ਦੇ ਖੰਭ ਮੰਗਦੇ ਵਿਚਾਰੇ
ਅਜੇ ਹਰਫ਼ ਇਹ ਬੇਸਹਾਰੇ ਖੜ੍ਹੇ ਨੇ

ਪੰਛੀਆਂ ਦੀ ਡਾਰ ਨੂੰ ਸਾਰਾ ਹੀ ਅੰਬਰ ਦੇ ਦਿਓ
ਸੁੱਕਦੀ ਹੋਈ ਨਦੀ ਤਾਈਂ ਸਮੁੰਦਰ ਦੇ ਦਿਓ

ਦਰਦ ਏਨਾ ਦੋਸਤੋ ਸਹਿੰਦੇ ਇਕੱਲੇ ਹੋ ਕਿਵੇਂ
ਆਪਣੇ ਹਿੱਸੇ ਦਾ ਇਕ ਮੈਨੂੰ ਵੀ ਖ਼ੰਜਰ ਦੇ ਦਿਓ

ਬੇੜੀਆਂ ਬੇਸਾਜ਼ ਪਾ ਕੇ ਪੈਰ ਥਿਰਕਣ ਕਿਸ ਤਰ੍ਹਾਂ
ਖ਼ੂਬ ਨੱਚਾਂਗੇ ਅਗਰ ਇਕ ਵਾਰ ਝਾਂਜਰ ਦੇ ਦਿਓ

ਸ਼ਾਂਤ ਹੋਏ ਬਾਦਬਾਨਾਂ ਨੂੰ ਦਿਓ ਸੰਦਲੀ ਹਵਾ
ਨਗਨ ਧੁੱਪਾਂ ਨੂੰ ਤੁਸੀਂ ਰੁੱਖਾਂ ਦੇ ਬਸਤਰ ਦੇ ਦਿਓ

ਭੁੱਖੀਆਂ ਕਬਰਾਂ ਨੂੰ ਕੁਝ ਦੇਣਾ ਈ ਹੈ ਜੇਕਰ ਤੁਸੀਂ
ਮੇਰੀਆਂ ਵੀਰਾਨੀਆਂ ਤੇ ਮੇਰੇ ਖੰਡਰ ਦੇ ਦਿਓ

ਈਦ ਵਰਗੇ ਹੋਣ ਜਿਸਦੇ ਸਾਰੇ ਦੇ ਸਾਰੇ ਹੀ ਦਿਨ
ਮੇਰੇ ਯਾਰੋ ਮੈਨੂੰ ਇਕ ਐਸਾ ਕਲੰਡਰ ਦੇ ਦਿਓ

ਮੈਂ ਅਜੇ ਕਰਨੀ ਥਲਾਂ 'ਤੇ ਸ਼ਾਇਰੀ ਦੀ ਕਿਣਮਣੀ
ਦਿਲ ਦੀ ਗਹਿਰਾਈ 'ਚੋਂ ਮੈਨੂੰ ਮੋਹ ਦੇ ਅੱਖਰ ਦੇ ਦਿਓ



ਚੁਫ਼ੇਰੇ ਦੀ ਚੁਪ ਨੂੰ ਤੂੰ ਆਵਾਜ਼ ਦੇ ਦੇ
ਕੋਈ ਗੀਤ ਦੇ ਦੇ ਕੋਈ ਸਾਜ਼ ਦੇ ਦੇ

ਸਰਾਪੇ ਹੋਏ ਜ਼ਰਦ ਪੱਤਿਆਂ ਨੂੰ ਚੁਣ ਕੇ
ਦਰਖ਼ਤਾਂ ਦੇ ਹਉਕੇ ਨੂੰ ਅਲਫਾਜ਼ ਦੇ ਦੇ

ਕਿਤੇ ਝੁਲਸ ਦੇਵੇ ਨਾ ਵਿਹੜੇ ਦੀ ਧੁਪ ਹੀ
ਖ਼ਿਆਲਾਂ ਦੇ ਚੰਬੇ ਨੂੰ ਪਰਵਾਜ਼ ਦੇ ਦੇ

ਤੇਰੇ ਨਾਂ ਕਰਾਂ ਮੈਂ ਖ਼ੁਦੀ ਤੇ ਖ਼ੁਦਾਈ
ਜ਼ਰਾ ਮੁਸਕਰਾਵਣ ਦਾ ਅੰਦਾਜ਼ ਦੇ ਦੇ

ਤੇਰੇ ਲਈ ਹੀ ਕੇਰੇ ਨੇ ਅੰਬਰ ਨੇ ਅਥਰੂ
ਜ਼ਮਾਨੇ ਨੂੰ ਬਰਸਾਤ ਦਾ ਰਾਜ਼ ਦੇ ਦੇ

ਰੁਲ ਗਿਆ ਲਭਦਾ ਨਹੀਂ ਹੈ ਮੈਨੂੰ ਮੇਰਾ ਨਾਂ ਅਜੇ
ਸ਼ਾਮ ਨੂੰ ਛਡਦੀ ਇਕੱਲਾ ਮੈਨੂੰ ਮੇਰੀ ਛਾਂ ਅਜੇ

ਸੜਕ ਦੇ ਸਾਵੇ ਜਿਸਮ ’ਤੇ ਮੌਤ ਪੈੜਾਂ ਕਰ ਗਈ
‘ਪੁੱਤ ਵੇ ਛੇਤੀ ਮੁੜੀਂ’ ਨਿਤ ਆਖਦੀ ਹੈ ਮਾਂ ਅਜੇ

ਰਹਿ ਗਏ ਨੇ ਬੁੱਤ ਅਗਵਾ ਹੋ ਗਈ ਹੈ ਜ਼ਿੰਦਗੀ
ਬਸਤੀਆਂ ਵਿਚ ਸੁੰਨ ਜੰਗਲ ਵਿੱਚ ਹੈ ਸਾਂ ਸਾਂ ਅਜੇ

ਮਰ ਗਏ ਬੋਟਾਂ ਦੁਆਲੇ ਚਿੜੀਆਂ ਦਾ ਰੋਣਾ ਮਨ੍ਹਾਂ
ਖੰਭ ਖੋਲ੍ਹਣ ਦੀ ਮਨਾਹੀ ਪੰਛੀਓ ਇਸ ਥਾਂ ਅਜੇ

ਦੋਸਤੋ ਇਸ ਰੁੱਤ ਦੇ ਜ਼ੁਲਮਾਂ ਦੀ ਹੋਈ ਇੰਤਹਾ
ਜ਼ਖ਼ਮ ਕਰਦੀ ਫੇਰ ਉਸ ’ਤੇ ਧੂੜਦੀ ਮਿਰਚਾਂ ਅਜੇ

ਗ਼ਲਤ ਸਿਰਨਾਵੇਂ ਦੇ ਪੱਤਰ ਵਾਂਗ ਮੁੜ ਆਉਂਦਾ ਹਾਂ ਮੈਂ
ਜ਼ਿੰਦਗੀ ਦੇ ਦਰ ’ਤੇ ਦਸਤਕ ਦੇਣੀ ਹੀ ਭੁਲ ਜਾਂ ਅਜੇ



ਜਿਹੜੇ ਉਡਦੇ ਸੀ ਉਡਣ-ਖਟੋਲਿਆਂ ਦੇ ਨਾਲ
ਵੇਖੇ ਡਿਗਦੇ ਮਾਮੂਲੀ ਵਾ-ਵਰੋਲਿਆਂ ਦੇ ਨਾਲ

ਅਸੀਂ ਆਦਮੀ ਹਾਂ ਏਦੂੰ ਵੱਡਾ ਹਾਦਸਾ ਕੀ ਹੋਊ
ਨਿਆਣੇ ਰਹਿੰਦੇ ਖੇਡੀ ਜਾਣਾ ਸੀ ਪਟੋਲ੍ਹਿਆਂ ਦੇ ਨਾਲ

ਕੇਹੇ ਮੌਸਮਾਂ ’ਚ ਅਸੀਂ ਹਾਂ ਵਿਚਰਦੇ ਹਜ਼ੂਰ
ਹਉਕੇ ਭਰੀਏ ਤਾਂ ਭਰਦੇ ਹਾਂ ਓਹਲਿਆਂ ਦੇ ਨਾਲ

ਚਿੱਟੇ ਖੰਭਾਂ ’ਚ ਲੁਕੋਈਆਂ ਜੋ ਕਿਆਮਤਾਂ ਤਾਂ ਵੇਖ
ਕਾਹਨੂੰ ਲਾਉਨਾਂ ਏਂ ਉਡਾਰੀਆਂ ਤੂੰ ਗੋਲਿਆਂ ਦੇ ਨਾਲ

ਜੀਹਦੇ ਮੋਢਿਆਂ ’ਤੇ ਸਿਰ ਮੇਰਾ ਉਹੀਓ ਹਮਜੋਲੀ
ਤੇਰੇ ਭਾ ਦਾ ਹਾਂ ਮਲੰਗਾਂ ਦਿਆਂ ਟੋਲਿਆਂ ਦੇ ਨਾਲ

ਸੂਹੇ ਪਾਣੀਆਂ ’ਚੋਂ ਉੱਠੇ ਕੋਈ ਹੱਕ ਦੀ ਤਰੰਗ
ਅਸੀਂ ਸੁਰਾਂ ਮੇਲ ਦੇਈਏ ਇਹਦੇ ਸੋਹਲਿਆਂ ਦੇ ਨਾਲ

ਗੁਜ਼ਰਿਆ ਤੂਫ਼ਾਨ ਪਰ ਨਾ ਝੀਲ ਦੀ ਹਲਚਲ ਗਈ
ਤੇ ਉਡੀਕਾਂ ਕਰਦਿਆਂ ਇਕ ਹੋਰ ਆਥਣ ਢਲ ਗਈ

ਉਮਰ ਭਰ ਦਰ ਖੋਲ੍ਹ ਕੇ ਰੱਖੇ ਸੀ ਜਿਸਦੇ ਵਾਸਤੇ
ਆ ਗਈ ਸੀ ਮਹਿਕ ਪਰ ਆ ਕੇ ਉਸੇ ਹੀ ਪਲ ਗਈ

ਕੁਝ ਨਾ ਕੁਝ ਤਾਂ ਆਖਿਆ ਹੋਣੈ ਸਮੁੰਦਰ ਨੇ ਜ਼ਰੂਰ
ਇਕ ਨਦੀ ਬੇਚੈਨ ਸੱਸੀ ਵਾਂਗ ਮਾਰੂਥਲ ਗਈ



ਸਾਜ਼ਿਸ਼ੀ ਇਕ ਪੌਣ ਲੈ ਗਈ ਡਾਕ ਬੰਗਲੇ ਖੋਲ੍ਹ ਕੇ
ਆਖ ਕੇ ਸੰਧੂਰ ਉਹ ਚੀਰਾਂ ’ਤੇ ਮਿਰਚਾਂ ਮਲ ਗਈ

ਫੁੱਲ ਕੱਢਿਆ ਸੀ ਦੁਪੱਟੇ ’ਤੇ ਬੜੀ ਹੀ ਰੀਝ ਨਾਲ
ਆਤਿਸ਼ੀ ਮੌਸਮ ’ਚ ਹਰ ਪੱਤੀ ਹੀ ਉਸਦੀ ਜਲ ਗਈ

ਮੋਰ ਪੱਟਾਂ ’ਤੇ ਖੁਣਾਏ ਸੀ ਉਡਾਰੀ ਲਾ ਗਏ
ਫਰਕਦੇ ਡੌਲੇ ਦੀ ਮੱਛੀ ਖ਼ੂਨ ਦੇ ਵਿਚ ਤਲ ਗਈ

ਵਹਿਮ ਸੀ ਉਸਨੂੰ ਕਿ ਮੇਰਾ ਰੰਗ ਸ਼ਾਇਦ ਹੈ ਇਹੀ
ਲਾ ਲਈ ਮਹਿੰਦੀ ਜਦੋਂ ਉਸਨੇ ਤਲੀ ਹੀ ਬਲ ਗਈ

ਜਾਲ ਵਿਚ ਫਸ ਕੇ ਬੜਾ ਹੀ ਫੜਫੜਾਈ ਸੀ ਚਿੜੀ
ਫੇਰ ਚਿੜੀਆਘਰ ’ਚ ਕੈਦੀ ਪੰਛੀਆਂ ਵਿਚ ਰਲ ਗਈ

ਕਸਰ ਨਾ ਛੱਡੀ ਹਨ੍ਹੇਰੀ ਨੇ ਕਦੇ ਵੀ, ਫੇਰ ਵੀ
ਸ਼ੁਕਰ ਹੈ ਟੁੱਟੀ ਨਹੀਂ ਇਹ ਡਾਲ ਫਿਰ ਸੰਭਲ ਗਈ

ਦਰਦ ਮੇਰਾ ਜਦੋਂ ਸੁਲਗ਼ਦਾ ਹੋ ਗਿਆ
ਰਹਿਨੁਮਾ ਹੋ ਗਿਆ ਇਹ ਖ਼ੁਦਾ ਹੋ ਗਿਆ

ਉਹਨੇ ਅੰਬਰ ’ਤੇ ਅਪਣਾ ਲਿਖਾਇਆ ਏ ਨਾਂ
ਜੋ ਜ਼ਮਾਨੇ ਦੇ ਰਾਹ ਤੋਂ ਜੁਦਾ ਹੋ ਗਿਆ

ਲੰਘ ਦਰਿਆ ਗਏ ਕੋਲ ਦੀ ਸ਼ੂਕਦੇ
ਸਾਨੂੰ ਲਹਿਰਾਂ ਦਾ ਕਿੰਨਾ ਸ਼ੁਦਾ ਹੋ ਗਿਆ



ਮੈਂ ਵਹਾਏ ਦੋ ਹੰਝੂ ਤੇਰੇ ਨਾਮ ’ਤੇ
ਫਰਜ਼ ਕੋਈ ਚਲੋ ਹੈ ਅਦਾ ਹੋ ਗਿਆ

ਏਸ ਟਹਿਣੀ ’ਤੇ ਚੋਇਆ ਜ਼ਰਾ ਕੁ ਲਹੂ
ਫੁੱਲ ਭੋਰਾ ਕੁ ਤਾਂ ਟਹਿਕਦਾ ਹੋ ਗਿਆ

ਫ਼ਰਕ ਲੋਕਾਂ ਨੂੰ ਕੀ ਦੇਸ਼ ਦੇ ਤਖ਼ਤ ’ਤੇ
ਕਿਹੜਾ ਆਇਆ ਤੇ ਕਿਹੜਾ ਵਿਦਾ ਹੋ ਗਿਆ

ਮੈਂ ਤਾਂ ਜੀਭਾਂ ਦੇ ਤੰਦੂਏ ’ਤੇ ਨਸ਼ਤਰ ਧਰੇ
ਪਿੰਡ ਮੇਰਾ ਵੀ ਹੁਣ ਬੋਲਦਾ ਹੋ ਗਿਆ

ਸਾਨੂੰ ਵੀ ਮੁਹੱਬਤ ਦੇ ਦੋ ਹਰਫ਼ ਉਠਾਲਣ ਦੇ
ਮੱਥਿਆਂ ’ਤੇ ਕਰ ਜਾਵੀਂ ਹਸਤਾਖ਼ਰ ਚਾਨਣ ਦੇ

ਜੁਗਨੂੰ ਦੇ ਖੰਭਾਂ ’ਚੋਂ ਕੋਈ ਸੂਰਜ ਭਾਲਣ ਦੇ
ਸਾਨੂੰ ਵੀ ਥੋੜੀ ਜਿਹੀ ਅਪਣੀ ਲੋਅ ਮਾਨਣ ਦੇ

ਪੌਣਾਂ ਨੂੰ ਛੇੜਨ ਦੇ ਰੂਹਾਂ ਦਾ ਗੀਤ ਕੋਈ
ਨਦੀਆਂ ਨੂੰ ਕਿਨਾਰੇ ਤਕ ਇਕ ਲਹਿਰ ਉਛਾਲਣ ਦੇ

ਪਾਣੀ ਨੂੰ ਚੈਨ ਮਿਲੇ ਰੇਤੇ ਦੀ ਪਿਆਸ ਬੁਝੇ
ਹੜ੍ਹਦੇ ਦਰਿਆਵਾਂ ਨੂੰ ਮਾਰੂਥਲ ਛਾਨਣ ਦੇ

ਕੋਹਾਂ ਤੋਂ ਲੰਮੀ ਹੈ ਫੁੱਲਾਂ ਦੀ ਦਰਦ ਕਥਾ
ਖੂਹਾਂ ਤੋਂ ਡੂੰਘੇ ਨੇ ਹਉਕੇ ਉਸ ਮਾਲਣ ਦੇ

ਕਿਰਨਾਂ ’ਚ ਪਰੋਣ ਲਈ ਚੁਣ ਫੁੱਲ ਅਤੇ ਮੈਨੂੰ
ਪਿਘਲਾ ਕੇ ਛਵ੍ਹੀਆਂ ਨੂੰ ਗੁਲਦਸਤੇ ਢਾਲਣ ਦੇ



ਕੋਈ ਸੁਣ ਕੇ ਪੁਕਾਰ ਨਾ ਆਇਆ
ਹਾਲੇ ਦਿਲ ਨੂੰ ਕਰਾਰ ਨਾ ਆਇਆ

ਮਿਲ ਤਾਂ ਸਕਦਾ ਸੀ ਦਿਲ ਉਧਾਰਾ ਵੀ
ਸਾਨੂੰ ਮੰਗਣਾ ਉਧਾਰ ਨਾ ਆਇਆ

ਅਸੀਂ ਕੱਚਿਆਂ ’ਤੇ ਰੋਜ਼ ਤਰਦੇ ਹਾਂ
ਕੋਈ ਪਰ ਓਸ ਪਾਰ ਨਾ ਆਇਆ

ਕਿਸ ਤਰ੍ਹਾਂ ਦੀ ਬਹਾਰ ਆਈ ਹੈ
ਪੱਤੀਆਂ ’ਤੇ ਨਿਖ਼ਾਰ ਨਾ ਆਇਆ

ਮੇਰੇ ਗੀਤਾਂ ਨੇ ਗੂੰਜ ਪਾਉਣੀ ਸੀ
ਤੂੰ ਹੀ ਲੈ ਕੇ ਸਿਤਾਰ ਨਾ ਆਇਆ

ਨਾ ਜ਼ਮਾਨੇ ਦੀ ਚਾਲ ਰਾਸ ਆਈ
ਸਾਨੂੰ ਜੱਗ ਦਾ ਵਿਹਾਰ ਨਾ ਆਇਆ

ਕਰੇ ਟਿੱਪਣੀ ਜੋ ਦਿਲ ਮਚਲਦੇ ’ਤੇ
ਐਸਾ ਨਾਮਾਨਿਗਾਰ ਨਾ ਆਇਆ

ਅਸਾਨੂੰ ਕੀ ਖ਼ਬਰ ਸੀ ਹਾਦਸਾ ਐਸਾ ਵੀ ਹੋਣਾ ਹੈ
ਉਠਾ ਕੇ ਪੂਰਬੋਂ ਸੂਰਜ ਨੂੰ ਪੱਛਮ ਤੀਕ ਢੋਣਾ ਹੈ

ਮੇਰੇ ਅੰਗਾਂ 'ਚੋਂ ਕੋਈ ਬੇਬਸੀ ਦੀ ਲਾਟ ਹੈ ਗੁਜ਼ਰੀ
ਤੇ ਮੈਂ ਇਸ ਲਾਟ ਨੂੰ ਘਾਹ ਫੂਸ ਦੇ ਹੇਠਾਂ ਲੁਕੋਣਾ ਹੈ

ਮਰੁੰਡੇ ਰੁੱਖ ਦੇ ਹੇਠਾਂ ਨਾ ਰਾਹੀ ਅਟਕਦੇ ਪਲ ਵੀ
ਸਰਾਪੇ ਜੰਗਲਾਂ ਅੰਦਰ ਮੈਂ ਸਾਰੀ ਉਮਰ ਜਿਉਣਾ ਹੈ

ਜੇ ਸੱਥਰ ਪੀੜ ਦਾ ਦਿਲ ਦੀ ਥਾਂ ਸੱਥਾਂ ਵਿਚ ਵਿਛਾ ਲਈਏ
ਤਾਂ ਪੰਜਾਂ ਪਾਣੀਆਂ ਸ਼ਾਇਦ ਅਸਾਡੇ ਸੰਗ ਰੋਣਾ ਹੈ

ਕਿਸੇ ਨੇ ਏਸਦੇ ਕੂਲੇ ਜਿਸਮ 'ਤੇ ਪੱਛ ਲਾਏ ਨੇ
ਮੇਰੇ ਮਿੱਟੀ ਦੇ ਬਾਵੇ ਤੋਂ ਕੋਈ ਯੂਸਫ਼ ਨਾ ਸੋਹਣਾ ਹੈ

ਪਰਿੰਦਿਓ ਜੁਗਨੂੰਓ ਯਾਰੋ ਤੁਸੀਂ ਹੀ ਰੌਸ਼ਨੀ ਦੇਣੀ
ਪਰਾਏ ਚੰਨ ਨੇ ਆਖ਼ਰ ਕਦੇ ਤਾਂ ਅਸਤ ਹੋਣਾ ਹੈ

ਹਕੀਕਤ ਇਸ ਕਦਰ ਬੇਦਰਦ ਹੈ ਕਿ ਸਹਿ ਨਹੀਂ ਹੋਣੀ
ਤੁਸੀਂ ਚਿਹਰੇ ਛੁਪਾ ਕੇ ਸ਼ੀਸ਼ਿਆਂ ਸਾਹਵੇਂ ਖਲੋਣਾ ਹੈ



ਅਲਵਿਦਾ ਕਹਿ ਕੇ ਉਹ ਲੋਹੜਾ ਕਰ ਗਏ
ਜ਼ਖ਼ਮ 'ਤੇ ਅੰਗਿਆਰ ਸੂਹੇ ਧਰ ਗਏ

ਕੱਲ੍ਹ ਜੋ ਤਲੀਆਂ 'ਤੇ ਚੁਗ਼ਦੇ ਚੋਗ਼ ਸੀ
ਵਿੰਹਦਿਆਂ ਹੀ ਉਹ ਉਡਾਰੀ ਭਰ ਗਏ

ਉਹ ਝਨਾਂ ਵਿਚ ਵੀ ਕਦੇ ਡੁਬਦੇ ਨਹੀਂ
ਛਲਕਦੇ ਨੈਣਾਂ 'ਚ ਜਿਹੜੇ ਤਰ ਗਏ

ਸਰਦਲਾਂ ਦੀ ਘੂਰ ਨਾ ਝੱਲੀ ਗਈ
ਵਾਂਗ ਓਪਰਿਆਂ ਅਸੀਂ ਤਾਂ ਘਰ ਗਏ

ਕੀ ਜ਼ਮਾਨੇ ਨੂੰ ਹੀ ਲਕਵਾ ਹੋ ਗਿਐ
ਰਹਿਬਰਾਂ ਦੇ ਅੰਗ ਜਾਂ ਫਿਰ ਮਰ ਗਏ

ਉਹ ਜ਼ਰਾ ਬੱਦਲਾਂ ਦੇ ਉਹਲੇ ਹੋ ਗਏ
ਗ਼ਲਤ ਨੇ ਜੋ ਕਹਿਣ ਸੂਰਜ ਠਰ ਗਏ

ਜ਼ਿੰਦਗੀ ਦੀ ਰੂਹ ਪਿਆਸੀ ਹੀ ਰਹੀ
ਬਹੁਤ ਆਏ ਬਹੁਤ 'ਜਸਵਿੰਦਰ' ਗਏ

□

ਤੁਰਦੇ ਨੇ ਪੈਰ ਭਾਵੇਂ ਧੁਖ਼ਦੇ ਅੰਗਾਰਿਆਂ 'ਤੇ
ਖ਼ਾਬਾਂ 'ਚ ਕਹਿਕਸ਼ਾਂ ਹੈ ਨਜ਼ਰਾਂ ਸਿਤਾਰਿਆਂ 'ਤੇ

ਦਿੰਦੇ ਨੇ ਜ਼ਖ਼ਮ ਤਾਂ ਕੀ ਅਥਰੂ ਤਾਂ ਪੂੰਝਦੇ ਨੇ
ਕਿੰਨਾ ਹੈ ਮਾਣ ਸਾਨੂੰ ਮਿੱਤਰਾਂ ਪਿਆਰਿਆਂ 'ਤੇ

ਸਾਨੂੰ ਤਾਂ ਭਾ ਗਿਆ ਹੈ ਕੀ ਕੁਝ ਸਿਖਾ ਗਿਆ ਹੈ
ਪਰਵਾਨਿਆਂ ਦਾ ਆਉਣਾ ਅੱਗ ਦੇ ਇਸ਼ਾਰਿਆਂ 'ਤੇ

ਕਰੀਏ ਕੀ ਉਸ ਨਦੀ ਦਾ ਭਰ ਕੇ ਜੁ ਵਗ ਰਹੀ ਹੈ
ਇਕ ਵੀ ਨਾ ਛੱਲ ਆਈ ਤਪਦੇ ਕਿਨਾਰਿਆਂ 'ਤੇ

ਨਰਕਾਂ ਨੂੰ ਹੀ ਬਣਾਈਏ ਹੁਣ ਤਾਂ ਜਿਉਣ ਜੋਗੇ
ਉਮਰਾਂ ਗੁਜ਼ਾਰ ਲਈਆਂ ਸੁਰਗਾਂ ਦੇ ਲਾਰਿਆਂ 'ਤੇ

ਵਾਅਦਾ ਵਫ਼ਾ ਦਾ ਕਰਨਾ ਸੌਖਾ ਬੜਾ ਹੈ ਲੇਕਿਨ
ਸਦੀਆਂ ਤੋਂ ਪਰਖ ਇਸਦੀ ਹੁੰਦੀ ਹੈ ਆਰਿਆਂ 'ਤੇ



□

ਜਿਵੇਂ ਜਿਵੇਂ ਹੀ ਅਰਮਾਨਾਂ ਦੀ ਸ਼ਾਮ ਢਲੀ
ਮੇਰੇ ਮਨ ਦੇ ਰੋਹ ਦੀ ਸੂਹੀ ਲਾਟ ਬਲੀ

ਸੁੰਨ ਵੀਰਾਨਾਂ ਦਾ ਮੈਂ ਭਟਕਿਆ ਰਾਹੀ ਸਾਂ
ਹੁਣ ਤਾਂ ਮੇਰੇ ਸੰਗ ਸਮੇਂ ਦੀ ਪੀੜ ਰਲੀ

ਰੁਕ ਜਾਓ ਖ਼ਾਬਾਂ ਦੀ ਰਾਖ਼ ਫਰੋਲੋ ਨਾ
ਹਾਲੇ ਤਾਂ ਰੂਹ ਅੱਧਿਓਂ ਬਹੁਤੀ ਨਹੀਂ ਜਲੀ

ਜੀਵੰਦਿਆਂ ਜੋ ਮਹਿਕਾਂ ਦਾ ਤਿਰਹਾਇਆ ਸੀ
ਆਸ਼ਕ ਦੀ ਦਰਗਾਹ 'ਤੇ ਖਿੜਦੇ ਫੁੱਲ ਕਲੀ

ਯਾਰ ਮੇਰੇ ਤਾਂ ਮਹਿਬੂਬਾ ਦੇ ਪਿੰਡ ਵਾਂਗੂੰ
ਫਿਰਦੇ ਆਏ ਨੇ ਮਕਤਲ ਦੀ ਗਲੀ ਗਲੀ

ਹੋਵਣਗੇ ਮਹਿਮਾਨ ਅਸਾਡੇ ਚੰਨ ਤਾਰੇ
ਫੈਲੇਗਾ ਮੋਹ ਭਿਜਿਆ ਚਾਨਣ ਪਲੋ ਪਲੀ

ਠਹਿਰੋ ਮੈਂ ਪੀ ਕੇ ਚਾਨਣੀ ਤੇਹਾਂ ਬੁਝਾ ਲਵਾਂ
ਮੌਸਮ ਨੂੰ ਰੰਗਣ ਵਾਸਤੇ ਮਹਿੰਦੀ ਉਗਾ ਲਵਾਂ

ਲੋਹੇ ਦੀ ਕੰਧ ਚੀਰ ਸਕਦੀ ਹੈ ਨਿਗਾਹ ਮੇਰੀ
ਸੁਰਮਾ ਛੁਰੀ ਦੇ ਨਾਲ ਜੇ ਅੱਖਾਂ 'ਚ ਪਾ ਲਵਾਂ

ਕਿਸ਼ਤੀ ਚਲਾਵਾਂਗਾ ਤੇਰੇ ਨੈਣਾਂ 'ਚ ਫੇਰ ਮੈਂ
ਪਹਿਲਾਂ ਉਨੀਂਦੇ ਪਾਣੀਆਂ ਤਾਈਂ ਜਗਾ ਲਵਾਂ

ਟੰਗਿਆ ਸਮੇਂ ਨੂੰ ਵੇਖ ਕੇ ਬਰਛੇ ਦੀ ਨੋਕ 'ਤੇ
ਸੀਨੇ 'ਚ ਅਪਣੇ ਉਤਰਿਆ ਖ਼ੰਜਰ ਛੁਪਾ ਲਵਾਂ

ਸ਼ਾਇਦ ਕਦੇ ਇਹ ਖਿੜਨਗੇ ਫੁੱਲਾਂ ਦੇ ਵਾਂਗਰਾਂ
ਹਰ ਰੋਜ਼ ਏਹੀ ਸੋਚ ਕੇ ਅੰਗਾਰ ਖਾ ਲਵਾਂ

ਏਨਾ ਹਨ੍ਹੇਰ ਛਾ ਗਿਐ ਸੂਰਜ ਨੂੰ ਲਭਦਿਆਂ
ਰਾਹਾਂ 'ਚ ਕਿਧਰੇ ਧੁੱਪ ਦੀ ਕਾਤਰ ਗਵਾ ਲਵਾਂ



ਤਿਰਹਾਏ ਸਾਹਿਲ ਦੀ ਜੂਨ ਹੰਢਾਉਂਦੇ ਹਾਂ
ਫਿਰ ਵੀ ਦਰਿਆਵਾਂ ਦੀ ਖ਼ੈਰ ਮਨਾਉਂਦੇ ਹਾਂ

ਅਪਣਾ ਤਾਂ ਸਿਰਨਾਵਾਂ ਕੋਈ ਖ਼ਾਸ ਨਹੀਂ
ਖ਼ਾਬਾਂ ਦੇ ਘਰ ਢਾਹੁੰਦੇ ਕਦੇ ਬਣਾਉਂਦੇ ਹਾਂ

ਤੂਫ਼ਾਨਾਂ ਦੇ ਸੰਗ ਅਸਾਡੀ ਯਾਰੀ ਹੈ
ਪੌਣ ਹੁਲਾਰਿਆਂ ਕੋਲੋਂ ਪਰ ਸ਼ਰਮਾਉਂਦੇ ਹਾਂ

ਰੁੱਗ ਅਜੇ ਸੂਲਾਂ ਦਾ ਗਲ ਵਿਚ ਲਹਿ ਜਾਵੇ
ਯਾਰਾਂ ਦਾ ਨਾਂ ਲੈ ਕੇ ਜਦ ਵੀ ਗਾਉਂਦੇ ਹਾਂ

ਚਲਦੇ ਹਾਂ ਪਰ ਹਾਲੇ ਇਹ ਨਾ ਜਾਣ ਸਕੇ
ਕਿਹੜੀ ਧੁਰੀ ਦੁਆਲੇ ਏਨਾ ਭਾਉਂਦੇ ਹਾਂ

ਉਹ ਤਾਂ ਜ਼ਹਿਰ ਉਗਲ ਕੇ ਸਾਊ ਰਹਿੰਦੇ ਨੇ
ਅਸੀਂ ਬੋਲ ਪਈਏ ਤਾਂ ਬੁਰੇ ਕਹਾਉਂਦੇ ਹਾਂ

□

ਤੇਰੇ ਸਿਤਮ ਦਾ ਸਿਲਸਿਲਾ ਬਦਨਾਮ ਹੋ ਗਿਆ
ਚਰਚਾ ਵੀ ਸਾਡੇ ਜੇਰਿਆਂ ਦਾ ਆਮ ਹੋ ਗਿਆ

ਏਨਾ ਵੀ ਕੀ ਸੀ ਓਸਦੇ ਨਾਂ ਵਿਚ ਗੁਨਾਹ ਜਿਹਾ
ਮਹਿਫ਼ਿਲ 'ਚ ਜਿਸਦੇ ਨਾਮ 'ਤੇ ਕਤਲਾਮ ਹੋ ਗਿਆ

ਮੈਂ ਤਾਂ ਥਲਾਂ ਨੂੰ ਪੁੱਛਿਆ ਨਦੀਆਂ ਦਾ ਥਹੁ-ਪਤਾ
ਕਿਉਂ ਸਾਗਰਾਂ ਦੀ ਹਿੱਕ 'ਤੇ ਕੁਹਰਾਮ ਹੋ ਗਿਆ

ਕਣੀਆਂ ਅਸਾਡੀ ਮੰਗ ਸੀ ਮਿਲੀਆਂ ਚਿੰਗਾਰੀਆਂ
ਕੇਹਾ ਅਸਾਡੇ ਸ਼ੌਕ ਦਾ ਅੰਜਾਮ ਹੋ ਗਿਆ

ਪਹਿਲੀ ਦਫ਼ਾ ਨਾ ਚੱਲੀਆਂ ਏਥੇ ਹਨ੍ਹੇਰੀਆਂ
ਐਵੇਂ ਹੀ ਦਿਲ ਇਹ ਬਾਵਰਾ ਉਪਰਾਮ ਹੋ ਗਿਆ

ਰੁੱਖਾਂ ਦੇ ਪੱਤੇ ਝਾੜਨਾ ਤੇਰਾ ਮਿਜਾਜ਼ ਹੈ
ਸਾਡੇ ਲਈ ਛਾਂ ਮਾਨਣੀ ਇਲਜ਼ਾਮ ਹੋ ਗਿਆ

ਜਿਸਨੂੰ ਅਜੇ ਵੀ ਪਿੰਡ ਦੇ ਪੱਥਰ ਨੇ ਜਾਣਦੇ
ਉਹ ਸ਼ਖ਼ਸ ਆ ਕੇ ਸ਼ਹਿਰ ਵਿਚ ਬੇਨਾਮ ਹੋ ਗਿਆ



□

ਅਸਾਡੀ ਬੇਬਸੀ ਦਾ ਨਾਮ ਤੂੰ ਕੀ ਕੀ ਨਹੀਂ ਧਰਿਆ
ਕਦੇ ਅੱਥਰੂ, ਕਦੇ ਸ਼ੋਅਲਾ, ਕਦੇ ਕਤਰਾ, ਕਦੇ ਦਰਿਆ

ਤੁਸੀਂ ਤਾਂ ਲੁਤਫ਼ ਲੈਂਦੇ ਹੋ ਲਹੂ ਦੀ ਝੀਲ ਵਿਚ ਤਰ ਕੇ
ਅਸੀਂ ਪਲਕਾਂ ਦੇ ਹੇਠਾਂ ਫੈਲਿਆ ਸਾਗਰ ਸਦਾ ਤਰਿਆ

ਉਹ ਰੁੱਖ ਬਦਨਾਮ ਹੋ ਜਾਣੇ ਉਹ ਤਰਸਣਗੇ ਜਨੌਰਾਂ ਨੂੰ
ਜਿਨ੍ਹਾਂ ਨੇ ਪਤਝੜਾਂ ਦੇ ਕਹਿਰ 'ਤੇ ਇਤਰਾਜ਼ ਨਾ ਕਰਿਆ

ਸਮੁੰਦਰ ਨੂੰ ਰਤਾ ਅਹਿਸਾਸ ਹੁੰਦਾ ਗੱਲ ਬਣ ਜਾਂਦੀ
ਹਨ੍ਹੇਰੀ ਦਾ ਸਿਤਮ ਸੀ ਬਾਦਬਾਨਾਂ ਕਿਸ ਤਰ੍ਹਾਂ ਜਰਿਆ

ਅਸੀਂ ਵੀ ਖਿੱਤੀਆਂ ਇਸ ਆਲ੍ਹਣੇ ਅੰਦਰ ਸਜਾਵਾਂਗੇ
ਅਸਾਡਾ ਆਸਮਾਂ ਹੋਏਗਾ ਇਕ ਦਿਨ ਤਾਰਿਆਂ ਭਰਿਆ

ਬੁਝਾ ਕੇ ਕੁਝ ਕੁ ਦੀਵੇ ਭੁਲ ਗਏ ਹੋ ਕੰਧ 'ਤੇ ਲਿਖਿਆ
ਕਦੇ ਸੂਰਜ ਨਹੀਂ ਠਰਿਆ ਕਦੇ ਚਾਨਣ ਨਹੀਂ ਮਰਿਆ

ਕੋਈ ਗੱਲ ਹੋਰ ਹੋਏਗੀ ਜੋ ਸੋਹਣੀ ਡੁੱਬ ਕੇ ਮੋਈ
ਸਦਾ ਪੱਕਾ ਨਹੀਂ ਤਰਿਆ ਸਦਾ ਕੱਚਾ ਨਹੀਂ ਖਰਿਆ

ਇਹਦੀਆਂ ਲਹਿਰਾਂ 'ਚ ਜੇ ਸਰਗਮ ਨਹੀਂ
ਤਾਰੂਆਂ ਦੀ ਇਹ ਨਦੀ ਮਹਿਰਮ ਨਹੀਂ

ਉਹ ਸ਼ੁਦਾਈ ਹੈ ਜਾਂ ਕੋਈ ਦੇਵਤਾ
ਜਿਸਨੂੰ ਕੋਈ ਚਾਅ ਨਹੀਂ ਜਾਂ ਗ਼ਮ ਨਹੀਂ

ਸੁੱਤਿਆਂ ਬਾਲਾਂ ਨੂੰ ਛਡ ਨਿਰਵਾਣ ਲਈ
ਕਿਸ ਤਰ੍ਹਾਂ ਜਾਵਾਂ ਕਿ ਮੈਂ ਗੌਤਮ ਨਹੀਂ

ਧਾਰ ਪਤਲੀ ਹੈ ਬੜੀ ਤਲਵਾਰ ਦੀ
ਪਰ ਇਹ ਦਿਲ ਦੇ ਭਾਵ ਤੋਂ ਸੂਖ਼ਮ ਨਹੀਂ

ਕਰ ਸਕੇ ਸੁਕਰਾਤ ਨੂੰ ਖ਼ਾਮੋਸ਼ ਇਹ
ਜ਼ਹਿਰ ਦੇ ਪਿਆਲੇ 'ਚ ਏਨਾ ਦਮ ਨਹੀਂ

ਨਹਿਰ ਦੇ ਕੰਢੇ ਵੀ ਸਾਬਤ ਕਰਨਗੇ
ਇਸ਼ਕ ਲਈ ਨਿਸ਼ਚਿਤ ਝਨਾਂ ਜਿਹਲਮ ਨਹੀਂ

ਰਾਤ ਦੇ ਚਿਹਰੇ 'ਤੇ ਫੇਰੀ ਹੈ ਕਲੀ
ਇਹ ਤਾਂ ਪੂਰੇ ਚੰਨ ਦੀ ਪੂਨਮ ਨਹੀਂ



ਅਜ ਦਾ ਸੂਰਜ ਲਗਦਾ ਹੈ ਕੁਝ ਹੋਰ ਜਿਹਾ
ਦਿਲ ਦੇ ਅੰਦਰ ਪੈਲਾਂ ਪਾਵੇ ਮੋਰ ਜਿਹਾ

ਸਾਜ਼ਿੰਦੇ ਕਸ ਤਾਰਾਂ ਰੂਹ ਦੇ ਸਾਜ਼ ਦੀਆਂ
ਰਾਗ ਸੁਣਾ ਝਰਨੇ ਦੇ ਹਲਕੇ ਸ਼ੋਰ ਜਿਹਾ

ਨੂਰ ਉਨ੍ਹਾਂ ਦੇ ਚਿਹਰੇ ਤੋਂ ਅਜ ਡਲ੍ਹਕ ਰਿਹੈ
ਰਾਹ ਦਰਸਾਵੇ ਤਾਰੇ ਦੀ ਲਿਸ਼ਕੋਰ ਜਿਹਾ

ਹਿਜਰ ਦੀਆਂ ਰਾਤਾਂ ਦੀ ਵਾਟ ਲੰਮੇਰੀ ਹੈ
ਵਸਲਾਂ ਦਾ ਦਿਨ ਲੰਘੇ ਅਖ ਦੇ ਫੋਰ ਜਿਹਾ

ਰੂਹ ਦਾ ਚੈਨ ਚੁਰਾ ਕੇ ਕਿਧਰੇ ਲੁਕ ਜਾਵੇ
ਦਿਲ ਦਾ ਜਾਨੀ ਹੋਇਆ ਜਾਨੀ ਚੋਰ ਜਿਹਾ

ਹੈਰਤ ਹੈ ਤੂਫ਼ਾਨਾਂ ਵਿਚ ਵੀ ਟੁੱਟਿਆ ਨਹੀਂ
ਦੇਖਣ ਨੂੰ 'ਜਸਵਿੰਦਰ' ਹੈ ਕਮਜ਼ੋਰ ਜਿਹਾ

ਸੁਪਨੇ 'ਚ ਡਰਦੇ ਬਾਲ ਜਿਉਂ ਕੰਬਦੀ ਹੈ ਰਾਤ ਅੱਜ
ਜੰਗਲ ਦੇ ਰਾਹੇ ਪੈ ਗਈ ਆਦਮ ਦੀ ਜ਼ਾਤ ਅੱਜ

ਅਜ ਕੌਣ ਸੱਥ ਦੇ ਨਾਲ ਇਕ 'ਰਾਰਾ' ਹੈ ਲਿਖ ਗਿਆ
ਕੋਰੇ ਸਫ਼ੇ 'ਤੇ ਕਿਸ ਤਰ੍ਹਾਂ ਡੁੱਲ੍ਹੀ ਦਵਾਤ ਅੱਜ

ਬਸਤੀ 'ਚ ਵਸਦੇ ਪ੍ਰੇਤ ਦੇ ਸਾਏ ਨੇ ਖਾ ਲਈ
ਫੁੱਲਾਂ ਦੇ ਭਾਰ ਤੁਲਦੀਆਂ ਪਰੀਆਂ ਦੀ ਬਾਤ ਅੱਜ

ਇਸ ਬਿਰਖ ਤੋਂ ਬੋਟਾਂ ਸਣੇ ਡਿੱਗੇ ਨੇ ਆਲ੍ਹਣੇ
ਇਸ ਬਿਰਖ 'ਤੇ ਜਿਉਂ ਪੈ ਗਈ ਬੰਦੇ ਦੀ ਝਾਤ ਅੱਜ

ਵਰਖ਼ਾ ਲਹੂ ਦੀ ਗੋਭਲੇ ਸਿੱਟਿਆਂ 'ਤੇ ਹੋ ਰਹੀ
ਮੌਸਮ ਅਸਾਨੂੰ ਦੇ ਗਿਆ ਕੇਹੀ ਸੁਗਾਤ ਅੱਜ

ਸੂਰਜ, ਤੂੰ ਅਪਣੀ ਤਪਸ਼ ਨੂੰ ਕੁਝ ਤੇਜ਼ ਕਰ ਲਵੀਂ
ਰਾਹਾਂ 'ਚ ਰਾਹੂ ਕੇਤੂਆਂ ਲਾਈ ਹੈ ਘਾਤ ਅੱਜ

ਪੌਣਾਂ ਹਵਾਲੇ ਕੀਤੀਆਂ ਮਿਲੀਆਂ ਜੋ ਤਲਖ਼ੀਆਂ
ਪਲਕਾਂ ਦੇ ਅੰਦਰ ਸਾਂਭ ਲਈ ਦਰਦਾਂ ਦੀ ਦਾਤ ਅੱਜ



ਮੌਸਮ ਦੀ ਬੇਦਰਦੀ ਨੂੰ ਕੀ ਨਾਮ ਦਿਆਂ
ਮੂੰਹ ਆਏ ਜਜ਼ਬੇ ਨੂੰ ਕਿਵੇਂ ਲਗਾਮ ਦਿਆਂ

ਛਡ ਦਿੱਤੇ ਜੋ ਲਿਖ ਸਿਰਨਾਵਾਂ ਪੌਣਾਂ 'ਤੇ
ਅਣਲਿਖਿਆਂ ਪੱਤਰਾਂ ਨੂੰ ਕੀ ਅੰਜਾਮ ਦਿਆਂ

ਮੇਰੇ ਕੋਲੇ ਹੈ ਵੀ ਕੀ ਜੋ ਮੇਰਾ ਹੈ
ਅਪਣੇ ਦਿਲ ਵਿਚ ਮਚਲ ਰਿਹਾ ਕੁਹਰਾਮ ਦਿਆਂ

ਸੰਗੀਨਾਂ ਹੁਣ ਤੁਸੀਂ ਕਸੀਰੋ ਬਣ ਜਾਵੋ
ਕਣਕਾਂ ਨੂੰ ਵਿਦਰੋਹਾਂ ਦਾ ਪੈਗ਼ਾਮ ਦਿਆਂ

ਮੇਰੇ ਕੋਲੋਂ ਦੀ ਜੋ ਖਹਿ ਕੇ ਲੰਘੀਆਂ ਨੇ
ਸੰਗਰਾਮੀ ਪੌਣਾਂ ਨੂੰ ਨਵਾਂ ਕਲਾਮ ਦਿਆਂ

ਮਾਰੂਥਲ ਤਕ ਆਏ ਥੱਕੇ ਦਰਿਆ ਨੂੰ
ਗ਼ਜ਼ਲਾਂ ਦੀ ਛਾਂ ਕਰਕੇ ਕੁਝ ਆਰਾਮ ਦਿਆਂ

ਬਲਦੀਆਂ ਗਲੀਆਂ 'ਚੋਂ ਮੁੜ ਕੇ ਜੇ ਕਦੇ ਉਹ ਗੁਜ਼ਰਿਆ
ਕਿੰਜ ਝੱਲੇਗਾ ਦਿਲਾਂ ਦੇ ਧੁਖ਼ਣ ਦਾ ਇਹ ਸਿਲਸਿਲਾ

ਜੋ ਸਵਾਲੀ ਚਿੰਨ ਜਿਹਾ ਬੰਦਾ ਖੜਾ ਹੈ ਚੌਂਕ ਵਿਚ
ਉਹ ਸੀ ਅਪਣੇ ਦਾਇਰੇ ਵਿਚ ਸਾਰਿਆਂ ਤੋਂ ਸੁਲਝਿਆ

ਸੁਲਗ਼ਦੇ ਸਾਹਾਂ ਦੀ ਚਰਚਾ ਸੱਥ ਨੇ ਛੇੜੀ ਜਦੋਂ
ਸਾਂਭ ਕੇ ਅੱਖਾਂ 'ਚ ਹੰਝੂ ਚੋਰੀਓਂ ਉਹ ਖਿਸਕਿਆ

ਮੰਨਿਆ ਕਿ ਮੁਸਕਰਾਇਆ ਸੀ ਉਹ ਸੂਲੀ ਚੜ੍ਹਨ 'ਤੇ
ਉਹਦੀਆਂ ਪਲਕਾਂ 'ਚ ਹੰਝੂ ਵੀ ਸੀ ਕੋਈ ਲਰਜ਼ਿਆ

ਲੋਕ ਉਲਝੇ ਨੇ ਸਿਆਣਪ ਦੇ ਵਿਛਾਏ ਜਾਲ ਵਿਚ
ਆਦਮੀ ਪਾਗ਼ਲ ਜਿਹਾ ਸੀ ਮਲਕੜੇ ਤੁਰਿਆ ਗਿਆ

ਇਹ ਜਦੋਂ ਵਗਦਾ ਸੀ ਤਾਂ ਮਿਰਗਾਂ ਨੇ ਲਾਈਆਂ ਤਾਰੀਆਂ
ਪਿੰਡ ਦੇ ਛੱਪੜ 'ਚ ਪਾਣੀ ਪਹੁੰਚ ਕੇ ਹੈ ਮੁਸ਼ਕਿਆ

ਕੀ ਪਤਾ ਕੀ ਸੋਚ ਕੇ ਕੋਇਲ ਉਡਾਰੀ ਲਾ ਗਈ
ਕੌਣ ਜਾਣੇ ਰੁੱਖ ਦਾ ਹਰ ਪੱਤ ਕਿੰਨਾ ਵਿਲਕਿਆ



ਹਰ ਅੰਗ ਭ੍ਰਿਸ਼ਟ ਗਿਆ ਕਿਸ ਕਿਸ ਨੂੰ ਬੁਰਾ ਆਖਾਂ
ਹਰ ਕਦਮ ਖ਼ਲਾਅ ਵਿਚ ਹੈ ਕਿੰਜ ਠੀਕ ਦਿਸ਼ਾ ਆਖਾਂ

ਅਜ ਹਾਦਸਿਆਂ ਕੋਲੋਂ ਬੇਖ਼ਬਰ ਗੁਜ਼ਰਿਆ ਹਾਂ
ਏਨੀ ਖ਼ੁਦਗਰਜ਼ੀ ਦੀ ਖ਼ੁਦ ਨੂੰ ਕੀ ਸਜ਼ਾ ਆਖਾਂ

ਗੀਤਾਂ 'ਚੋਂ ਗੰਧ ਆਵੇ ਤਿੜਕੇ ਵਿਸ਼ਵਾਸਾਂ ਦੀ
ਰੱਤ ਸਿੰਮਦੀ ਹਰ ਖ਼ਤ 'ਚੋਂ ਇਹ ਕਿਸਦੀ ਖ਼ਤਾ ਆਖਾਂ

ਨੈਣਾਂ ਦੇ ਸਾਵਣ ਦੀ ਮਾਣਾਂ ਬਰਸਾਤ ਕਿਵੇਂ
ਕਬਰਾਂ ਦੀ ਹਨ੍ਹੇਰੀ ਨੂੰ ਕਿੰਜ ਸੀਤ ਪੁਰਾ ਆਖਾਂ

ਧੁਖ਼ਦੇ ਬੇਲੇ ਵਾਲੀ ਸੰਦਲੀ ਇਸ ਧਰਤੀ ਨੂੰ
ਅੱਗ ਦਾ ਦਰਿਆ ਆਖਾਂ ਜਾਂ ਬਲਦਾ ਸਿਵਾ ਆਖਾਂ

ਸਾਕਾਂ ਦੇ ਜੰਗਲ ਵਿਚ ਸ਼ੱਕ ਦੀ ਬਦਬੂ ਫੈਲੀ
ਮਹਿਫ਼ਿਲ ਵਿਚ ਵੀ ਖ਼ੁਦ ਨੂੰ ਤਨਹਾ ਤਨਹਾ ਆਖਾਂ

ਰੰਗ ਉਡੇ ਸਾਲੂਆਂ ਦੇ ਪਰ ਸੜੇ ਤਿਤਲੀਆਂ ਦੇ
ਕਿੰਜ ਵਤਨ ਮਹਾਨ ਕਹਾਂ ਕਿੰਜ ਚਮਨ ਹਰਾ ਆਖਾਂ

ਕਿਰਨ ਸਰਘੀ ਦੀ ਹਨ੍ਹੇਰੇ ਦੂਰ ਕਰ ਹੀ ਜਾਏਗੀ
ਹਰ ਗਲੀ ਵਿਚ ਪੰਡ ਚਾਨਣ ਦੀ ਖਿਲਰ ਹੀ ਜਾਏਗੀ

ਖੁਰਦਰੇ ਹੱਥਾਂ 'ਚ ਰੇਸ਼ਮ ਦੇ ਪਟੋਲੇ ਹੋਣਗੇ
ਪਾਟੀਆਂ ਤਲੀਆਂ 'ਤੇ ਰੁੱਤ ਉਹ ਫੁੱਲ ਧਰ ਹੀ ਜਾਏਗੀ

ਫੁੱਲ ਟਹਿਕਣਗੇ ਕਰੀਰਾਂ ਦੇ ਸਿਖ਼ਰ 'ਤੇ ਲਾਜ਼ਮੀ
ਕੰਡਿਆਂ ਦੀ ਧੌਣ ਵਲਦੀ ਹਰ ਲਗਰ ਹੀ ਜਾਏਗੀ

ਇਸ ਕਦਰ ਮਾਰੂਥਲਾਂ ਵਿਚ ਅੱਥਰੂਆਂ ਦੀ ਹੈ ਸਲ੍ਹਾਬ
ਸੱਸੀ ਦੇ ਪੈਰਾਂ 'ਚ ਬਲਦੀ ਰੇਤ ਠਰ ਹੀ ਜਾਏਗੀ

ਚੌਂਕ ਵਿਚ ਵਿਕਦੀ ਛੁਰੀ ਦਾ ਸੋਚਿਆ ਨਾ ਜੇ ਇਲਾਜ
ਇਹ ਤਾਂ ਉਡਦੇ ਪੰਛੀਆਂ ਦੇ ਪਰ ਕੁਤਰ ਹੀ ਜਾਏਗੀ

ਜਿਸ ਘੜੀ ਤੂੰ ਨਕਸ਼ ਪਹਿਚਾਣੇਂਗਾ ਬਿਖ਼ਰੇ ਖ਼ੂਨ 'ਚੋਂ
ਕਤਲ ਦੀ ਸਾਜ਼ਿਸ਼ ਉਦੋਂ ਤੇਰੇ ਮਗਰ ਹੀ ਜਾਏਗੀ।

ਘੂਰ ਨਾ ਦੇਵੀਂ ਬੜੀ ਨਾਜ਼ਕ ਹੈ ਬੁਲਬੁਲ ਪਿਆਰ ਦੀ
ਸਹਿਮ ਜਾਏਗੀ ਤਿਉੜੀ ਵੇਖ ਮਰ ਹੀ ਜਾਏਗੀ



ਹਰ ਸ਼ਖ਼ਸ ਏਥੇ ਸੁਲਗਦਾ ਧੂੰਆਂ ਹੈ ਦੂਰ ਤਕ
ਮੇਰੇ ਗਰਾਂ ਇਹ ਹਾਦਸਾ ਤੂੰ ਵੀ ਜ਼ਰੂਰ ਤਕ

ਓਧਰ ਸਿਤਾਰੇ ਧਰਤ ਦੇ ਆਏ ਕਰੀਬ ਨੇ
ਏਧਰ ਬੜਾ ਹੈ ਫਾਸਲਾ ਢਿੱਡ ਤੋਂ ਤੰਦੂਰ ਤੱਕ

ਪੱਥਰ ਨਾ ਹੋ ਜਾਵੇ ਕਿਤੇ ਮੁਸਕਾਨ ਓਸਦੀ
ਐਵੇਂ ਕਿਸੇ ਮਾਸੂਮ ਨੂੰ ਨਾ ਘੂਰ ਘੂਰ ਤਕ

ਮੇਰਾ ਖ਼ਿਆਲ ਇਸ ਕਦਰ ਰਖਦੇ ਨੇ ਸਿਤਮਗਰ
ਖ਼ੰਜਰ ਉਠਾਉਂਦੇ ਜ਼ਖ਼ਮ 'ਤੇ ਆਇਆ ਅੰਗੂਰ ਤਕ

ਅਪਣੀ ਗਲੀ ਦੇ ਲੋਕ ਨਾ ਉਹਨਾਂ ਨੂੰ ਜਾਣਦੇ
ਚਰਚਾ ਜਿੰਨ੍ਹਾਂ ਦੇ ਨਾਮ ਦਾ ਹੈ ਦੂਰ ਦੂਰ ਤਕ

ਜ਼ਖ਼ਮੀ ਦਿਲਾਂ ਨੂੰ ਵੇਖ ਲੈ ਖਿੜਦੇ ਗੁਲਾਬ ਜਿਉਂ
ਦਰਦਾਂ ਦੀਆਂ ਇਹ ਪੈਲੀਆਂ ਹਰੀਆਂ ਕਚੂਰ ਤਕ

ਤੇਰੇ ਗਰਾਂ ਦੇ ਪਾਣੀਆਂ ਨੂੰ ਇਹ ਕੀ ਹੋ ਗਿਆ
ਇਹਨਾਂ 'ਚ ਡੁਬਦੇ ਫੁੱਲ ਤੇ ਤਰਦੇ ਮਨੂਰ ਤਕ

ਰਾਤ ਰਹਿੰਦੀ ਹੈ ਜਾਗਦੇ ਰਹਿਣਾ
ਪੌਣ ਕਹਿੰਦੀ ਹੈ ਜਾਗਦੇ ਰਹਿਣਾ

ਏਸ ਨਗਰੀ ’ਚ ਲੈ ਕਸਕ ਪੀੜਾਂ
ਰਾਤ ਲਹਿੰਦੀ ਹੈ ਜਾਗਦੇ ਰਹਿਣਾ

ਰੌਸ਼ਨੀ ਦੀ ਉਮੀਦ ਨਿਤ ਬਣਦੀ
ਨਿਤ ਢਹਿੰਦੀ ਹੈ ਜਾਗਦੇ ਰਹਿਣਾ

ਕੋਈ ਕੋਂਪਲ ਦੁਪਹਿਰ ਦਾ ਹਾਲੇ
ਸੇਕ ਸਹਿੰਦੀ ਹੈ ਜਾਗਦੇ ਰਹਿਣਾ

ਹਾਲੇ ਖ਼ਾਬਾਂ ’ਚ ਡਾਰ ਗਿਰਝਾਂ ਦੀ
ਕੋਲ ਬਹਿੰਦੀ ਹੈ ਜਾਗਦੇ ਰਹਿਣਾ

ਇਹ ਜੋ ਰੋਵੇ ਪਾਜ਼ੇਬ ਹੈ ਸ਼ਾਇਦ
ਜਾਂ ਇਹ ਮਹਿੰਦੀ ਹੈ ਜਾਗਦੇ ਰਹਿਣਾ

ਬੋਲ ਇਕ ਦੋ ਹੀ ਛੇੜਦੀ ਕੋਇਲ
ਫਿਰ ਤ੍ਰਹਿੰਦੀ ਹੈ ਜਾਗਦੇ ਰਹਿਣਾ



ਮਹਿਕਾਂ ਤੋਂ ਮਹਿਰੂਮ ਦਿਲਾਂ ਨੂੰ
ਅਹਿਸਾਸਾਂ ਦਾ ਸੰਦਲ ਦੇ ਦੇ
ਸੱਖਣਾਪਣ ਰੂਹਾਂ ਦਾ ਭਰ ਦੇ
ਤਨਹਾਈਆਂ ਨੂੰ ਮਹਿਫ਼ਿਲ ਦੇ ਦੇ

ਗਹਿਰੀ ਖ਼ਾਮੋਸ਼ੀ ਦਾ ਆਲਮ
ਨਾ ਹਰਕਤ ਨਾ ਜੁੰਬਿਸ਼ ਕੋਈ
ਬਿਰਖਾਂ ਨੂੰ ਪੌਣਾਂ ਦਾ ਚੁੰਮਣ
ਤੇ ਨਦੀਆਂ ਨੂੰ ਕਲਕਲ ਦੇ ਦੇ

ਅਰਮਾਨਾਂ ਅੰਗੜਾਈਆਂ ਭਰੀਆਂ
ਥਿਰਕਣਗੇ ਪੱਬ ਸੂਲਾਂ ’ਤੇ ਵੀ
ਬਸ ਥੋੜੀ ਜਿਹੀ ਧਰਤੀ ਦੇ ਦੇ
ਤੇ ਪੈਰਾਂ ਨੂੰ ਪਾਇਲ ਦੇ ਦੇ

ਸਹਿਕ ਰਹੀ ਉੱਡਣ ਦੀ ਚਾਹਤ
ਹਰਫ਼ਾਂ ਦੇ ਧੁਖ਼ਦੇ ਖੰਭਾਂ ਨੂੰ
ਅਪਣੇ ਮੋਹ ਦੀ ਬਾਰਸ਼ ਦੇ ਦੇ
ਅਪਣੇ ਨੈਣਾਂ ਦਾ ਜਲ ਦੇ ਦੇ

ਰੋਜ਼ ਦੀਆਂ ਤੇਹਾਂ ਮਿਟ ਜਾਵਣ
ਦੋਹਾਂ ਦੀ ਭਟਕਣ ਮੁਕ ਜਾਵੇ
ਸੁੰਦਰਾਂ ਨੂੰ ਇਕ ਪੂਰਨ ਦੇ ਦੇ
ਤੇ ਪੂਰਨ ਨੂੰ ਜੰਗਲ ਦੇ ਦੇ

ਚਾਹੇ ਮੇਰੀ ਨੀਂਦ ਚੁਰਾ ਲੈ
ਚਾਹੇ ਮੇਰੀ ਹੋਂਦ ਭੁਲਾ ਦੇ
ਪਰ ਜੋ ਮੈਨੂੰ ਵਿਸਰ ਗਿਆ ਹੈ
ਉਹ ਸੁਪਨਾ ਪਲ ਦੋ ਪਲ ਦੇ ਦੇ

ਮੈਂ ਤਾਂ ਖੇਤਾਂ ਵਿਚ ਤਪ ਕਰ ਕੇ
ਮੁਕਤੀ ਦਾ ਰਾਹ ਖੋਜ ਲਵਾਂਗਾ
ਬਿਰਖ ਗਯਾ ਦਾ ਹੋਰ ਕਿਸੇ ਨੂੰ
ਮੈਨੂੰ ਮੇਰਾ ਰਾਹੁਲ ਦੇ ਦੇ



ਟਾਹਲੀਆਂ ਦੇ ਪੱਤ ਕੂਲੇ ਸਿਸਕੀਆਂ ਭਰਦੇ ਅਜੇ
ਆਲ੍ਹਣਿਆਂ ਵਿਚ ਪਰਤਣੋਂ ਪੰਛੀ ਪਏ ਡਰਦੇ ਅਜੇ

ਨਾ ਚਿੜੀ ਗਾਵੇ ਨਾ ਕੋਇਲ ਪੈਲ ਮੋਰਾਂ ਦੀ ਵੀ ਨਹੀਂ
ਖੰਡਰਾਂ ਵਿਚ ਕਾਂ ਤੇ ਉੱਲੂ ਚੁਗਲੀਆਂ ਕਰਦੇ ਅਜੇ

ਵੇਲ ਗਮਲੇ ਦੀ ਉਡੀਕੇ ਚਾਨਣੀ ਦੀ ਲੀਕ ਨੂੰ
ਬੰਦ ਪਈਆਂ ਖਿੜਕੀਆਂ ਉੱਠੇ ਨਹੀਂ ਪਰਦੇ ਅਜੇ

ਯਾਰ ਤੂੰ ਵੀ ਅਜਨਬੀ ਕਹਿੰਨੈ, ਚਲੋ ਤੇਰੀ ਖੁਸ਼ੀ
ਸਾਨੂੰ ਤਾਂ ਪਹਿਚਾਣਦੇ ਨਹੀਂ ਆਪਣੇ ਘਰਦੇ ਅਜੇ

ਰਾਤ ਦੀ ਸਿਆਹੀ ਦਾ ਪਹਿਰਾ ਮੇਰੀਆਂ ਪਲਕਾਂ ’ਤੇ ਹੈ
ਜਾਪਦੈ ਹੋਣੇ ਨਹੀਂ ਦੀਦਾਰ ਦਿਲਬਰ ਦੇ ਅਜੇ

ਰਹਿਬਰਾਂ ਦੀ ਰਾਹ ’ਤੇ ਫੁੱਲਾਂ ਦੀ ਬਾਰਸ਼ ਹੋ ਰਹੀ
ਕੱਚ ਦੇ ਟੁਕੜਿਆਂ ’ਤੇ ਮਾਲੀ ਪੈਰ ਨੇ ਧਰਦੇ ਅਜੇ

ਕੀ ਪਤੈ ਇਹਨਾਂ ’ਚ ਜਾਨਾਂ ਪੈਣੀਆਂ ਕਿਹੜੀ ਘੜੀ
ਸ਼ਹਿਰ ਵਿਚ ਫਿਰਦੇ ਨੇ ਬੰਦੇ ਸੰਗਮਰਮਰ ਦੇ ਅਜੇ

□

ਇਸ ਗਰਾਂ ਦਿਨ ਰਾਤ ਅੱਗ ਉਡਦੀ ਫਿਰੇ
ਦੂਰ ਹੈ ਬਰਸਾਤ ਅੱਗ ਉਡਦੀ ਫਿਰੇ

ਖਿੜਕੀਆਂ ਨੂੰ ਖੋਲ੍ਹ ਕੇ ਮੈਂ ਸੜਕ 'ਤੇ
ਕਿੰਜ ਮਾਰਾਂ ਝਾਤ ਅੱਗ ਉਡਦੀ ਫਿਰੇ

ਤਾਰਿਆਂ ਵੱਲ ਤਕਦਿਆਂ ਹੀ ਰੁਕ ਗਈ
ਦਾਦੀ ਮਾਂ ਦੀ ਬਾਤ ਅੱਗ ਉਡਦੀ ਫਿਰੇ

ਜਨਮ ਤੋਂ ਲੈ ਕੇ ਸਿਵੇ ਤਕ ਉਮਰ ਭਰ
ਦਿਲ 'ਚ ਇਕ ਅਗਿਆਤ ਅੱਗ ਉਡਦੀ ਫਿਰੇ

ਇਸ ਗਲੀ ਆਏਂਗਾ ਲੈ ਕੇ ਕਿਸ ਤਰ੍ਹਾਂ
ਫੁੱਲਾਂ ਦੀ ਸੌਗ਼ਾਤ ਅੱਗ ਉਡਦੀ ਫਿਰੇ

ਸੁਰਖ਼ ਹੈ ਅਸਮਾਨ ਤੇ ਹੈਰਾਨ ਹੈ
ਆਦਮੀ ਦੀ ਜ਼ਾਤ ਅੱਗ ਉਡਦੀ ਫਿਰੇ

ਭਾਫ਼ ਤੋਂ ਬਣ ਮੇਘਲੇ ਵਰ੍ਹ ਪੈਣਗੇ
ਉਬਲਦੇ ਜਜ਼ਬਾਤ ਅੱਗ ਉਡਦੀ ਫਿਰੇ



□

ਅੱਖਾਂ ਨੂੰ ਚੁਗਣੇ ਪੈਣ ਅੰਗਾਰੇ ਕਦੇ ਕਦੇ
ਦਿੰਦੇ ਤਸੱਲੀ ਅੱਥਰੂ ਖਾਰੇ ਕਦੇ ਕਦੇ

ਧਰਤੀ 'ਤੇ ਆਉਂਦੇ ਟੁੱਟ ਕੇ ਤਾਰੇ ਕਦੇ ਕਦੇ
ਚਲਦੇ ਸਿਰਾਂ ਦੀ ਫ਼ਸਲ 'ਤੇ ਆਰੇ ਕਦੇ ਕਦੇ

ਧੁਖ਼ਦੇ ਖ਼ਤਾਂ 'ਤੇ ਕਿਸ ਤਰ੍ਹਾਂ ਤੇਰਾ ਪਤਾ ਲਿਖਾਂ
ਲਗਦੇ ਨੇ ਸ਼ਬਦ ਪਰਬਤੋਂ ਭਾਰੇ ਕਦੇ ਕਦੇ

ਦਰਗਾਹ ਏ ਮੇਰੇ ਯਾਰ ਦੀ ਗੋਡਾ ਨਿਵਾ ਕੇ ਜਾ
ਏਥੇ ਤਾਂ ਗੋਡੀ ਚੰਨ ਵੀ ਮਾਰੇ ਕਦੇ ਕਦੇ

ਉਹਨਾਂ ਦਾ ਕਰਕੇ ਕੌਲ ਨਾ ਆਉਣਾ ਬੁਰਾ ਤਾਂ ਹੈ
ਚੰਗੇ ਨੇ ਲਗਦੇ ਆਉਣ ਦੇ ਲਾਰੇ ਕਦੇ ਕਦੇ

ਤੂੰ ਕਤਲਗਾਹਾਂ ਸੂਲੀਆਂ ਬਾਰੇ ਹੀ ਲਿਖ ਰਿਹੈਂ
ਲਿਖਿਆ ਵੀ ਕਰ ਗੁਲਦੌਦੀਆਂ ਬਾਰੇ ਕਦੇ ਕਦੇ

ਹੁੰਦੀ ਹਵਾ ਦੀ ਮਾਰ ਕੀ ਜੰਗਲ ਹੀ ਜਾਣਦੈ
ਝੜਦੇ ਨੇ ਪੱਤੇ ਸਾਰੇ ਦੇ ਸਾਰੇ ਕਦੇ ਕਦੇ

ਸ਼ਾਇਰ ਦੀ ਕਾਨੀ ਵਕਤ ਦਾ ਪਹੀਆ ਘੁਮਾ ਦਵੇ
ਕੁਝ ਇਸ ਤਰ੍ਹਾਂ ਦੇ ਹੋਣ ਵਰਤਾਰੇ ਕਦੇ ਕਦੇ



ਜ਼ਰਾ ਤੱਤੀ ਹਵਾ ਚੱਲੇ ਦੁਬਾਰਾ ਜਾਗ ਜਾਂਦੇ ਨੇ
ਕਦੋਂ ਇਹ ਜ਼ਖ਼ਮ ਭਰਦੇ ਨੇ ਕਦੋਂ ਇਹ ਦਾਗ਼ ਜਾਂਦੇ ਨੇ

ਸਿਤਮਗਰ ਇਸ ਤਰ੍ਹਾਂ ਮੇਰੇ ਲਹੂ ਦੀ ਮਹਿਕ ’ਤੇ ਆਏ
ਜਿਵੇਂ ਚੰਦਨ ਦੀ ਵਾੜੀ ਨੂੰ ਖੜੱਪੇ ਨਾਗ ਜਾਂਦੇ ਨੇ

ਮੇਰੇ ਘਰ ਦੇ ਬਨੇਰੇ ’ਤੇ ਕੋਈ ਬੁਲਬੁਲ ਨਹੀਂ ਆਈ
ਬਥੇਰੇ ਕਾਗ ਆਉਂਦੇ ਨੇ ਬਥੇਰੇ ਕਾਗ ਜਾਂਦੇ ਨੇ

ਤੇਰੇ ਫ਼ਨ ਦਾ ਮਜ਼ਾ ਮਹਿਫ਼ਿਲ ਨੂੰ ਆਵੇ ਤਾਂ ਕਿਵੇਂ ਆਵੇ
ਕਿਧਰ ਸੁਰ-ਤਾਲ ਜਾਂਦੀ ਏ ਕਿਧਰ ਨੂੰ ਰਾਗ ਜਾਂਦੇ ਨੇ

ਇਕੱਲੇ ਬਾਂਸ ਹੀ ਸੜਦੇ ਨਹੀਂ ਆਪਸ ’ਚ ਖਹਿ ਖਹਿ ਕੇ
ਹਵਾ ਵਿਚ ਤੈਰਦੀ ਅੱਗ ਨਾਲ ਝੁਲਸੇ ਬਾਗ ਜਾਂਦੇ ਨੇ

ਉਨ੍ਹਾਂ ਕੁਝ ਜਾਗਦੇ ਹੋਏ ਸਿਰਾਂ ਨੂੰ ਲਾਹ ਲਿਆ ਏਦਾਂ
ਜਿਵੇਂ ਪੱਕੇ ਕਮਾਦਾਂ ਦੇ ਉਤਾਰੇ ਆਗ ਜਾਂਦੇ ਨੇ

□

ਮੇਰੀਆਂ ਪਲਕਾਂ 'ਚ ਖਾਰੀ ਝੀਲ ਬਣ ਜਾਇਆ ਕਰੇ
ਇਸ ਤਰ੍ਹਾਂ ਨਾ ਪੌਣ ਮੇਰੇ ਜ਼ਖ਼ਮ ਸਹਿਲਾਇਆ ਕਰੇ

ਉਤਰਦੀ ਸ਼ਬਨਮ ਸਵੇਰੇ ਝੂੰਮਦੀ ਇਕ ਡਾਲ 'ਤੇ
ਸ਼ਾਮ ਨੂੰ ਉਸ ਡਾਲ 'ਤੇ ਇਕ ਨਾਗ ਵਲ ਪਾਇਆ ਕਰੇ

ਓਸ ਮਹਿਰਮ ਨੂੰ ਉਡੀਕਾਂ ਏਸ ਤਨਹਾਈ 'ਚ ਜੋ
ਪੀ ਲਵੇ ਕਸਕਾਂ ਤੇ ਮੇਰੇ ਹੇਰਵੇ ਖਾਇਆ ਕਰੇ

ਜੀ ਕਰੇ ਮੈਂ ਓਸ ਦੇ ਪੇਚਾਂ 'ਚ ਕਿਰਨਾਂ ਜੜ ਦਿਆਂ
ਨਾਲ ਦੇ ਕਮਰੇ 'ਚ ਜਿਹੜੀ ਜ਼ੁਲਫ਼ ਲਹਿਰਾਇਆ ਕਰੇ

ਜਿਸਦਿਆਂ ਗੀਤਾਂ ਨੂੰ ਸੁਣ ਕੇ ਦਿਨ ਖੜੇ ਬਲਦੇ ਚਿਰਾਗ਼
ਰਾਤ ਨੂੰ ਦਿਲ ਚੀਰਵੇਂ ਉਹ ਮਰਸੀਏ ਗਾਇਆ ਕਰੇ

ਮੁੱਢ ਦੇ ਵਿਚ ਬਰਮੀਆਂ ਤੇ ਬਰਮੀਆਂ ਵਿਚ ਆਲ੍ਹਣੇ
ਬਿਰਖ ਕਿਹੜੇ ਹੌਸਲੇ ਫਿਰ ਝੂੰਮਿਆ ਗਾਇਆ ਕਰੇ

ਚੋਗ ਹਰਫ਼ਾਂ ਦੀ ਮੇਰੇ ਅਹਿਸਾਸ ਪੰਛੀ ਚੁਗ਼ ਰਹੇ
ਇਸ ਤਰ੍ਹਾਂ ਮੇਰੇ ਦਰਾਂ 'ਤੇ ਸ਼ਾਇਰੀ ਆਇਆ ਕਰੇ



□

ਭੋਰਾ ਕੁ ਦਰਦ 'ਤੇ ਹੀ ਤਿਪ ਤਿਪ ਮੈਂ ਚੋ ਗਿਆ ਹਾਂ
ਕੁਝ ਇਸ ਤਰ੍ਹਾਂ ਦਾ ਯਾਰੋ ਅਜਕਲ ਮੈਂ ਹੋ ਗਿਆ ਹਾਂ

ਤੇਰੇ ਬਗ਼ੈਰ ਵਿਚਰਾਂ ਯਾਦਾਂ ਦੀ ਹੂਕ ਬਣ ਕੇ
ਤੇਰੇ ਬਗ਼ੈਰ ਅਪਣੇ ਕਮਰੇ 'ਚ ਖੋ ਗਿਆ ਹਾਂ

ਗਲੀਆਂ 'ਚ ਬੇਵਫ਼ਾਈ ਦਾ ਸ਼ੋਰ ਭਾਵੇਂ ਪਾਇਆ
ਦਿਲ ਵਿਚ ਖ਼ਿਆਲ ਤੇਰਾ ਫਿਰ ਵੀ ਲੁਕੋ ਗਿਆ ਹਾਂ

ਦੋ ਚਾਰ ਹੰਝੂ ਖਾਰੇ ਸੰਭਲੇ ਨਾ ਓਸ ਕੋਲੋਂ
ਹਿਰਦੇ 'ਚ ਮੈਂ ਗ਼ਮਾਂ ਦੇ ਸਾਗਰ ਸਮੋ ਗਿਆ ਹਾਂ

ਕਿੱਥੋਂ ਸੀ ਤੁਰਿਆ ਕਿੱਥੇ ਜਾਣਾ ਹੈ ਯਾਦ ਵੀ ਨਈਂ
ਬਣਕੇ ਸਵਾਲ ਰਸਤੇ ਅੰਦਰ ਖਲੋ ਗਿਆ ਹਾਂ

ਸ਼ਾਇਦ ਪਰਾਏ ਰੰਗਾਂ 'ਤੇ ਇਹ ਕਦੇ ਨਾ ਰੀਝਣ
ਦਿਲ ਦੇ ਲਹੂ ਦੇ ਅੰਦਰ ਗ਼ਜ਼ਲਾਂ ਡੁਬੋ ਗਿਆ ਹਾਂ

ਇਕ ਤੂਫ਼ਾਨ ਸਮੁੰਦਰ ਵਿਚ ਹੈ ਇਕ ਤੂਫ਼ਾਨ ਮਲਾਹਾਂ ਅੰਦਰ
ਫਿਰ ਵੀ ਇਕ ਵਿਸ਼ਵਾਸ ਦਾ ਪੰਛੀ ਚਹਿਕ ਰਿਹਾ ਹੈ ਸਾਹਾਂ ਅੰਦਰ

ਜ਼ਹਿਰ ਜ਼ਮਾਨੇ ਦੀ ਕੁਝ ਲੋਕੀਂ ਪੀ ਲੈਂਦੇ ਨੇ ਚੁੱਪ ਚੁਪੀਤੇ
ਪਿੱਛੇ ਛਡ ਜਾਂਦੇ ਨੇ ਪੈੜਾਂ ਮਹਿਕਦੀਆਂ ਕੁਝ ਰਾਹਾਂ ਅੰਦਰ

ਹਰ ਦੀਵਾ ਸੂਰਜ ਬਣ ਸਕਦੈ ਹਰ ਕਤਰਾ ਸਾਗਰ ਹੋ ਸਕਦੈ
ਜੇ ਸੁਰ-ਸਾਂਝ ਦਿਲਾਂ ਵਿਚ ਹੋਵੇ ਤੇ ਇਕਸੁਰਤਾ ਬਾਹਾਂ ਅੰਦਰ

ਦਰਦ ਜਿਨ੍ਹਾਂ ਦੇ ਲੇਖੀਂ ਲਿਖਿਆ ਤੜਪ ਜਿਨ੍ਹਾਂ ਦੇ ਮੱਥੇ ਉਕਰੀ
ਨਾ ਟਿਕਦੇ ਦਰਗਾਹੋਂ ਬਾਹਰ ਨਾ ਟਿਕਦੇ ਦਰਗਾਹਾਂ ਅੰਦਰ

ਭੋਲੇ ਭਾਲੇ ਲੋਕੀਂ ਤੁਰ ਪਏ ਨੰਗੇ ਪੈਰੀਂ ਬਲਦੇ ਰਾਹੀਂ
ਰਹਿਬਰ ਹਾਲੇ ਕੁੰਡੀ ਲਾ ਕੇ ਕਰਦੇ ਪਏ ਸਲਾਹਾਂ ਅੰਦਰ

ਗਰਦਿਸ਼ ਦੇ ਵਿਚ ਘੁੰਮਦੇ ਘੁੰਮਦੇ ਬੰਦੇ ਕੀ ਤੋਂ ਕੀ ਬਣ ਜਾਂਦੇ
ਬੋਦੀ ਵਾਲੇ ਤਾਰੇ ਚੜ੍ਹਦੇ ਲਹਿੰਦੇ ਰਹਿਣ ਨਿਗਾਹਾਂ ਅੰਦਰ

ਦੋ ਪਲ ਵਿਹਲ ਮਿਲੇ ਤਾਂ ਆਓ ਅਹਿਸਾਸਾਂ ਦੇ ਨਕਸ਼ ਪਛਾਣੋ
ਦਿਲ ਦੀਆਂ ਪਰਤਾਂ ਖੋਲ੍ਹ ਰਿਹਾ ਹਾਂ ਆਪਣੀਆਂ ਇਤਲਾਹਾਂ ਅੰਦਰ



ਆਥਣ ਨੂੰ ਘਰ ਮੁੜਦੈ ਬੰਦਾ ਸਾਵਾਂ ਕੋਈ ਕੋਈ
ਭੁਲ ਜਾਂਦਾ ਹੈ ਆਪਣਾ ਹੀ ਸਿਰਨਾਵਾਂ ਕੋਈ ਕੋਈ

ਨਿਰਮੋਹੀਆਂ ਧੁੱਪਾਂ ਨੂੰ ਸਹਿ ਕੇ ਅੱਗ ਦੀ ਚਾਦਰ ਲੈ ਕੇ
ਮੋਹ ਦੀ ਬਾਰਿਸ਼ ਖ਼ਾਤਰ ਕਰੇ ਦੁਆਵਾਂ ਕੋਈ ਕੋਈ

ਕਾਲੀ ਬੋਲੀ ਰਾਤ ਭਿਆਨਕ ਤੂਫ਼ਾਨਾਂ ਦਾ ਪਹਿਰਾ
ਫਿਰ ਵੀ ਦੀਵਾ ਜਗਦੈ ਟਾਵਾਂ ਟਾਵਾਂ ਕੋਈ ਕੋਈ

ਅੰਦਰਲੀ ਅਗ ਲੂਹ ਦਿੰਦੀ ਹੈ ਸਿਰ 'ਤੇ ਬੰਨ੍ਹੇ ਸਿਹਰੇ
ਵਿੱਚੇ ਛਡ ਕੇ ਤੁਰ ਜਾਂਦਾ ਹੈ ਲਾਵਾਂ ਕੋਈ ਕੋਈ

ਝੀਲ ਕਿਨਾਰੇ ਉਹ ਰੁੱਖਾਂ ਦੀਆਂ ਪਾਲਾਂ ਕਿੱਥੇ ਗਈਆਂ
ਪਾਣੀ ਦੇ ਵਿਚ ਲਰਜ਼ ਰਿਹੈ ਪਰਛਾਵਾਂ ਕੋਈ ਕੋਈ

ਜੀ ਕਰਦਾ ਹੈ ਸੂਰਜ ਨਾਲੋਂ ਚਿੱਪਰ ਕੱਟ ਲਿਆਵਾਂ
ਜੀ ਕਰਦਾ ਹੈ ਤਾਰਾ ਤੋੜ ਲਿਆਵਾਂ ਕੋਈ ਕੋਈ

ਓਪਰੀਆਂ ਮੁਸਕਾਣਾਂ, ਮੱਥੇ ਤਿਊੜੀ, ਦਿਲ ਵਿਚ ਘੂਰੀ
ਅਜਕਲ੍ਹ ਜੱਫੀਆਂ ਖ਼ਾਤਰ ਖੋਲ੍ਹੇ ਬਾਹਵਾਂ ਕੋਈ ਕੋਈ

ਕੰਕਰੀਟ ਦੇ ਜੰਗਲ ਅੰਦਰ ਰਿਸ਼ਤੇ ਪੱਥਰ ਹੋ ਗਏ
ਸ਼ਹਿਰ 'ਚ ਆ ਕੇ ਚੇਤੇ ਰੱਖੇ ਮਾਵਾਂ ਕੋਈ ਕੋਈ

ਸ਼ਾਇਰ ਦੇ ਪੱਲੇ ਵਿਚ ਹਰ ਕੋਈ ਸੇਕ ਜਿਗਰ ਦਾ ਪਾਵੇ
ਦਰਵੇਸ਼ਾਂ ਨੂੰ ਕਰਦੈ ਹੱਥੀਂ ਛਾਵਾਂ ਕੋਈ ਕੋਈ



ਏਸ ਗਰਾਂ ਅਜ ਸੂਰਜ ਹੈ ਪਲ ਦੋ ਪਲ ਦਾ
ਫਿਰਨੀ 'ਤੇ ਪਰ ਡਿਗਿਆ ਉਡਦੀ ਬੁਲਬੁਲ ਦਾ

ਸੁਰਖ਼ ਲਹੂ ਵਿਚ ਭਿਜੀਆਂ ਭਿਜੀਆਂ ਸਤਰਾਂ ਨੇ
ਖ਼ਤ ਵਿਚ ਆਇਆ ਟੁਕੜਾ ਹੈ ਕਿਸਦੇ ਦਿਲ ਦਾ

ਕਿਰਨਾਂ ਦੇ ਰੰਗ ਪੀ ਕੇ ਰੁੱਖ ਬਣ ਜਾਵੇਗੀ
ਸੂਰਜ ਦੇ ਵੱਲ ਮੂੰਹ ਹੈ ਫੁਟਦੀ ਕੋਂਪਲ ਦਾ

ਪਲਕਾਂ ਨਾਲ ਉਠਾਏ ਪੱਥਰ ਵਿਹੜੇ 'ਚੋਂ
ਚੀਖ਼ ਪਿਆ ਹਰ ਘੁੰਗਰੂ ਉਸਦੀ ਪਾਇਲ ਦਾ

ਜਦ ਵੀ ਚਿਤਰਨ ਬੈਠਾ ਹਾਂ ਮੈਂ ਖ਼ਾਬਾਂ ਨੂੰ
ਹਰ ਵਾਰੀ ਹੀ ਨਕਸ਼ਾ ਬਣਦਾ ਮਕਤਲ ਦਾ

ਫੁੱਲਾਂ ਵਾਲੇ ਰਾਹ ਜਾਂਦੇ ਨੇ ਹੋਰ ਕਿਤੇ
ਮਕਤਲ ਵਿਚਦੀ ਲੰਘੇ ਰਸਤੇ ਮੰਜ਼ਿਲ ਦਾ

ਜੰਗਲ ਸੀ ਖਾਮੋਸ਼ ਅਚਾਨਕ ਚੀਖ਼ ਪਿਆ
ਤਕਿਆ ਜਦ ਆਰੇ ਨੂੰ ਦਸਤਾ ਸੰਦਲ ਦਾ

ਤਿਰਹਾਏ ਗੀਤਾਂ ਨੂੰ ਚਿਰ ਤੋਂ ਲੋੜੀਂਦੇ
ਸੁਰ ਪਾਣੀ ਦੇ ਸਾਜ਼ ਨਦੀ ਦੀ ਕਲਕਲ ਦਾ

ਕਾਲੇ ਹਰਫ਼ਾਂ ਦੀ ਲੋਅ ਪੈਣੀ ਪੱਤਿਆਂ ’ਤੇ
ਮਹਿਕੇਗਾ ਹਰ ਬਿਰਖ ਉਦਾਸੇ ਜੰਗਲ ਦਾ